ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ਮਾਸਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਪਟਿਆਲਾ

ਅਗਸਤ ੧੯੬੯ } { August 1969


## ਗੁਰਦੁਆਰਾ ਸਾਹਿਬ ਸ੍ਰੀ ਮੁਕਤਸਰ



www.AKJ.Org

# † ਲੇਖ ਸੂਚੀ †


| ਨੰ: | ਲੇਖ | ਪੰਨਾ | ਲੇਖਕ |
|---|---|---|---|
| ੧. | ਟੋਪੀ ਨਹੀਂ ਕੇਸਕੀ | ੪ | ਸੰਪਾਦਕ |
| ੨. | ਹਰਿ ਨਾਮ ਧੰਨ | ੫ | ਬੀਬੀ ਦਰਸ਼ਨ ਜੋਤ ਕੌਰ ਲੁਧਿਆਣਾ |
| ੩. | ਰਾਜਸੀ ਠਾਠ | ੭ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ |
| ੪. | ਕਬੀਰ ਜੀ ਦਾ ਜੰਮ ਪਲ | ੧੨ | ਭਾਈ ਅਮ੍ਰੀਕ ਸਿੰਘ ਜੀ ਬੀ.ਏ. ਬੜੋਦਾ |
| ੫. | ਮਾਈ ਭਾਗ ਕੌਰ ਦਾ ਤੇਗਾ | ੧੭ | ਗਿਆਨੀ ਜਸਮੇਰ ਸਿੰਘ ਪਾਲ ਚੰਡੀਗੜ੍ਹ |
| ੬. | ਗਿਆਨ ਤੇ ਭਗਤੀ | ੨੫ | ਪ੍ਰਿੰਸੀਪਲ ਮੇਹਰ ਸਿੰਘ ਡੇਰਾ ਦੂਨ |
| ੭. | ਸਿੱਖ-ਧਰਮ ਤੇ ਬੁਤ ਪ੍ਰਸ੍ਤੀ | ੩੦ | ਭਾਈ ਜਗਤਾਰ ਸਿੰਘ ਜੀ ਕੋਟਾ |
| ੮. | ਗੁਰ ਸਿਖ ਮੀਤ | ੩੩ | ਗਿਆਨੀ ਦਲਜੀਤ ਸਿੰਘ ਜੀ ਕਮਲ ਨਾਸਿਕ |
| ੯. | ਅਨਮੋਲ ਰਤਨ | ੩੮ | ਸੰਗ੍ਰਹਿ ਕਰਤਾ ਭਾਈ ਮਨਮੋਹਨ ਸਿੰਘ ਜੀ M.sc. ਪਟਨਾ। |
| ੧੦. | ਹਉਮੈ ਦੀਰਘ ਰੋਗ ਹੈ। | ੪੨ | ਭਾ: ਕਰਮ ਸਿੰਘ ਜੀ ਭੰਡਾਰੀ ਬਰਨਾਲਾ। |
| ੧੧. | ਅਣਖੀ ਯੋਧਾ | ੪੫ | ਭਾਈ ਗੁਰਚਰਨ ਸਿੰਘ ਜੀ M.A. |


## ਧੰਨਵਾਦ


| | | |
|---|---|---|
| ੧. | ਭਾਈ ਲਖਦੇਵ ਸਿੰਘ ਜੀ ਹੁਸ਼ਿਆਰਪੁਰ | 3-00 |
| ੨. | ਭਾਈ ਹਰਚਰਨ ਸਿੰਘ ਜ਼ੀ ਕਾਨਪੁਰ | 11-00 |
| ੩. | ਗਿਆਨੀ ਦਲੀਪ ਸਿੰਘ ਜੀ C/o 56 A.P.O. | 10-00 |


## ਮਾਸਕ-ਪੱਤਰ 'ਸੂਰਾ' ਦਾ ਸਾਲਾਨਾ ਚੰਦਾ

| | |
|---|---|
| ਦੇਸ਼ | 7 ਰੁਪਏ |
| ਪ੍ਰਦੇਸ਼ | 12 ਰੁਪਏ ਸਮੁੰਦਰੀ ਡਾਕ |
| ਪ੍ਰਦੇਸ਼ | 36 ਰੁਪਏ ਹਵਾਈ ਡਾਕ |
| ਲਾਈਫ ਮੈਂਬਰ 150 ਰੁਪਏ | ਪ੍ਰਤੀ ਕਾਪੀ 70 ਪੈਸੇ |

ਨੋਟ:–ਜਿਨਾਂ ਲੇਖਕਾਂ ਦੇ ਇਸਵਾਰੀ ਲੇਖ ਛਪਨ ਤੋਂ ਰਹਿ ਗਏ ਹਨ। ਉਹ ਖਿਮਾਂ ਕਰਨ, ਤੇ ਸਤੰਬਰ ਦੇ ਸੂਰਾ ਵਿਚ ਛਾਪ ਦਿਤੇ ਜਾਣਗੇ।

–ਐਡੀਟਰ

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


੧ੴ ਵਾਹਿਗੁਰੂ ਜੀ ਕੀ ਫਤਹਿ ॥

# ਸੂਰਾ

ਮਾਸਕ ਪਟਿਆਲਾ ਪੱਤਰ

## ਗੁਰਮਤਿ ਪ੍ਰਚਾਰਕ ਮਾਸਕ ਪੱਤਰ

'ਸੂਰਾ' ਪਟਿਆਲਾ ਵਿਦਿਆ ਵਿਭਾਗ ਪੰਜਾਬ ਵਲੋਂ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ ਚਿਠੀ ਨੰ: 3/70-68-4-(ਅ.ਪ:) ਮਿਤੀ 17-10-68-ਨੂੰ ਪ੍ਰਵਾਨ ਕੀਤਾ ਗਿਆ ਹੈ ।

ਜਿਲਦ ਨੰ: ੪ ]    ਸਾਵਣ–ਭਾਦੋਂ ੫੦੦ ਨਾਨਕ ਸ਼ਾਹੀ    [ ਅੰਕ ਨੰ: ੭


ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥
ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥
ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥
ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥
ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥
ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥
ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥
ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥
ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ ॥
(ਬਾਰਹਮਾਹਾ ਮਾਝ ਮ: ੫ ਘਰੁ ੪)


ਮੁਖ ਸੰਪਾਦਕ : ਪਿਆਰਾ ਸਿੰਘ

ਅਗਸਤ ੧੯੬੯

ਆਨਰੇਰੀ ਸੰਪਾਦਕ : ਮਨੋਹਰ ਸਿੰਘ

ਸੂਰਾ ਪ੍ਰਿੰਟਿੰਗ ਪ੍ਰੈਸ, ਰਾਘੋਮਾਜਰਾ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ, ਪਟਿਆਲਾ ਲਈ ਮਨੋਹਰ ਸਿੰਘ ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਦਫਤਰ "ਸੂਰਾ" ਰਾਘੋਮਾਜਰਾ, ਪਟਿਆਲਾ ਤੋਂ ੫ ਅਗਸਤ ਨੂੰ ਪ੍ਰਕਾਸ਼ਤ ਕੀਤਾ ।


www.AKJ.Org




# ਟੋਪੀ ਨਹੀਂ ਕੇਸਕੀ

ਅਜ ਕਲ ਅਖਬਾਰਾਂ ਵਿਚ ਇਹ ਚਰਚਾ ਛਿੜੀ ਹੋਈ ਹੈ ਕਿ ਦਿਲੀ ਵਿਚ ਪੋਲੀਸ ਦੀਆਂ ਸਿਖ ਬੀਬੀਆਂ ਨੂੰ ਟੋਪੀਆਂ ਪੁਆਈਆਂ ਜਾ ਰਹੀਆਂ ਹਨ। ਇਸ ਸੰਬੰਧੀ ਸਿੱਖ ਲੀਡਰਾਂ ਪੰਥ ਹਤੈਸ਼ੀਆਂ ਵਲੋਂ ਭਾਰਤ ਸਰਕਾਰ ਨੂੰ ਸੁਝਾ ਦਿਤੇ ਜਾ ਰਹੇ ਹਨ ਕਿ ਸਿੱਖ ਬੀਬੀਆਂ ਨੂੰ ਟੋਪੀਆਂ ਨਾ ਪੁਆਈਆਂ ਜਾਣ ਸਗੋਂ ਦੁਪਟਿਆਂ ਨਾਲ ਕੰਮ ਕਰਨ ਦੀ ਆਗਿਆ ਦਿਤੀ ਜਾਵੇ।

ਅਸੀਂ ਹੈਰਾਨ ਹਾਂ ਕਿ ਪੰਥ ਦੇ ਲੀਡਰਾਂ ਨੂੰ ਤੇ ਸ਼ਰੋਮਣੀ ਕਮੇਟੀ ਦੇ ਕਰਮਚਾਰੀਆਂ ਦੇ ਦਿਮਾਗ ਨੂੰ ਕੀ ਹੋ ਗਿਆ ਹੈ। ਇਹ ਤੇ ਸਾਰਿਆਂ ਨੂੰ ਪਤਾ ਹੀ ਹੈ ਕਿ ਪੋਲੀਸ ਦੇ ਕਰਮਚਾਰੀਆਂ ਨੂੰ ਬੜੀ ਚੁਸਤੀ ਨਾਲ ਕੰਮ ਕਰਨਾ ਪੈਂਦਾ ਹੈ, ਅਜੇਹੀ ਹਾਲਤ ਵਿਚ ਇਕ ਦੁਪੱਟੇ ਵਾਲੀ ਬੀਬੀ ਠੀਕ ਤਰਾਂ ਡਿਊਟੀ ਨਹੀਂ ਦੇ ਸਕਦੀ!

ਸਾਡਾ ਵਿਚਾਰ ਹੈ ਕਿ ਟੋਪੀਆਂ ਦੀ ਬਜਾਏ ਜੇ ਸਿੱਖ ਬੀਬੀਆਂ ਛੋਟੀ ਦਸਤਾਰ (ਕੇਸਕੀ) ਮਰਦਾਂ ਕੀ ਤਰਾਂ ਜੂੜਾ ਕਰਕੇ ਸਜਾਉਣ ਤਾਂ ਉਹੁ ਬਿਨਾਂ ਦੁਪਟੇ ਦੇ ਵੀ ਕੰਮ ਕਰ ਸਕਦੀਆਂ ਹਨ। ਕਿਉਂਕਿ ਉਹਨਾਂ ਦੀ ਬਾਕੀ ਵਰਦੀ ਅਜਿਹੀ ਹੁੰਦੀ ਹੈ ਕਿ ਦੁਪਟੇ ਦੀ ਲੋੜ ਹੀ ਨਹੀਂ ਪੈਂਦੀ। ਨਾਲ ਹੀ ਕਿਉਂਕਿ ਇਸਤਰੀ ਮਰਦ ਲਈ ਅੰਮ੍ਰਿਤ ਇਕੋ ਹੈ ਇਸ ਲਈ ਸਿਖ ਇਸਤਰੀਆਂ ਨੂੰ ਦਸਤਾਰ ਸਜਾਉਣੀ ਵੀ ਯੋਗ ਹੈ।

ਪੰਥਕ ਲੀਡਰਾਂ ਨੂੰ ਚਾਹੀਦਾ ਹੈ ਕਿ ਉਹ ਭਾਰਤ ਸਰਕਾਰ ਨੂੰ ਸੁਝਾ ਦੇਣ ਕਿ ਸਿਖ ਬੀਬੀਆਂ ਨੂੰ ਟੋਪੀ ਦੀ ਬਜਾਏ ਦਸਤਾਰ ਦਿਤੀ ਜਾਵੇ। ਇਹ ਸੁਝਾ ਭਾਰਤ ਸਰਕਾਰ ਛੇਤੀ ਹੀ ਮੰਨ ਸਕਦੀ ਹੈ। ਭਾਵੇਂ ਸ਼ਰੋਮਣੀ ਕਮੇਟੀ ਦੇ ਬਹੁਤੇ ਮੈਂਬਰ ਤੇ ਧਰਮ ਪਰਚਾਰਕ ਆਪਣੀਆਂ ਸਿੰਘਣੀਆਂ ਨੂੰ ਇਸ ਕਰਕੇ ਪੰਜਵੀਂ ਰਹਿਤ ਕੇਸਕੀ ਨਹੀਂ ਬਨਾਉਂਦੇ ਕਿਉਂਕਿ ਉਹ ਆਪ ਲੋਕਾ ਚਾਰੀ, ਮਾਇਆ ਅਤੇ ਇਸਤਰੀ ਦੇ ਗੁਲਾਮ ਹਨ। ਪਰ ਉਹਨਾਂ ਨੂੰ ਦਲੇਰੀ ਤੋਂ ਕੰਮ ਲੈਣਾ ਚਾਹੀਦਾ ਹੈ ਅਤੇ ਸਿਖ ਅੰਮ੍ਰਿਤ ਧਾਰੀ ਬੀਬੀਆਂ ਲਈ ਪੰਜਵੀਂ ਰਹਿਤ ਕੇਸਕੀ ਨੂੰ ਜ਼ਰੂਰੀ ਮਨਣਾ ਚਾਹੀਦਾ ਹੈ, ਜੇ ਉਹ ਇਹ ਐਲਾਨ ਕਰਦੇਣ ਕਿ ਬੀਬੀਆਂ ਲਈ ਵੀ ਪੰਜਵੀਂ ਰਹਿਤ ਕੇਸਕੀ ਹੈ ਤਾਂ ਭਾਰਤ ਸਰਕਾਰ ਇਸ ਨੂੰ ਮੰਨ ਲਵੇਗੀ ਦੁਪਟੇ ਆਦਿ ਲਈ ਮੋਰਚੇ ਲਾਉਣੇ ਨਿਰੀ ਮਨਮਤ ਹੈ। ਸਾਨੂੰ ਆਸ ਹੈ ਕਿ ਪੰਥਕ ਲੀਡਰ ਕੇਸਕੀ ਕੀ ਮਹਾਨਤਾ ਨੂੰ ਸਮਝਦਿਆਂ ਹੋਇਆਂ ਦੁਪੱਟੇ ਤੇ ਟੋਪੀ ਦੀ ਥਾਂ ਕੇਸਕੀ (ਛੋਟੀ ਦਸਤਾਰ) ਰਖਣ ਦਾ ਸੁਝਾ ਦੇਣਗੇ।


www.AKJ.Org

# ਹਰਿ ਨਾਮ ਧਨ

( ਵਲੋਂ–ਦਰਸ਼ਨਜੋਤ ਕੌਰ, ਲੁਧਿਆਣਾ )

ਆਮ ਦੇਖਣ ਵਿਚ ਆਇਆ ਹੈ ਕਿ ਇਸ ਦੁਨੀਆਂ ਵਿਚ ਵਪਾਰ ਮਾਇਆ ਦੇ ਆਸਰੇ ਤੇ ਚਲਦਾ ਹੈ। ਮਾਇਆ ਤੋਂ ਬਿਨਾਂ ਦੁਨਿਆਵੀ ਜੀਵਨ ਅਸੰਭਵ ਮਹਿਸੂਸ ਹੁੰਦਾ ਹੈ, ਪਰ ਜੇਕਰ ਗੁਰਮਤ ਦੀ ਕਸਵੱਟੀ ਤੇ ਪਰਖਿਆ ਜਾਵੇ ਤਾਂ ਇਸ ਤੋਂ ਉਲਟ ਗਲ ਸਿਧ ਹੋ ਜਾਂਦੀ ਹੈ। ਸੰਸਾਰ ਵਿਚ ਪੈਸਾ ਹੀ ਪ੍ਰਧਾਨ ਹੈ। ਜਿਸ ਪਾਸ ਪੈਸਾ ਅਥਵਾ ਧਨ ਹੁੰਦਾ ਹੈ, ਉਸ ਦੀ ਇਜ਼ਤ ਸਭ ਜਗ੍ਹਾ ਤੇ ਹੁੰਦੀ ਹੈ ਅਤੇ ਨਿਰਧਨ ਮਨੁਖ ਨੂੰ ਕਿਸੇ ਵੀ ਜਗ੍ਹਾ ਤੇ ਆਦਰ ਨਹੀਂ ਦਿਤਾ ਜਾਂਦਾ ਪਰ ਗੁਰਮਤ ਤਾਂ ਇੰਜ ਕਹਿੰਦੀ ਹੈ 'ਜਿਨ ਕੈ ਪਲੈ ਧਨ ਵਸੈ ਤਿਨ ਕਾ ਨਾਉ ਫ਼ਕੀਰ ॥ ਜਿਨ ਕੈ ਹਿਰਦੈ ਤੂ ਵਸਹਿ ਤੇ ਨਰ ਗੁਣੀ ਗਹੀਰ ॥' ਪਰ ਇਸ ਗੱਲ ਦੀ ਸੋਝੀ ਕਿਸੇ ਕਿਸੇ ਨੂੰ ਹੀ ਹੁੰਦੀ ਹੈ। ਕੋਈ ਵਿਰਲਾ ਹੀ ਜਾਣ ਸਕਦਾ ਹੈ ਕਿ ਜਿਸਦੇ ਹਿਰਦੇ ਵਿਚ ਹਰਿ ਨਾਮ ਧਨ ਹੁੰਦਾ ਹੈ, ਤੇ ਜੋ ਕੋਈ ਇਸ ਧਨ ਨਾਲ ਵਪਾਰ ਕਰਦਾ ਹੈ, ਉਹ ਹੀ ਅਸਲੀ ਤੇ ਸੱਚਾ ਵਣਜਾਰਾ ਹੈ।

ਹਰਿ ਨਾਮ ਧਨ ਇਕ ਅਜਿਹਾ ਧਨ ਹੈ ਜੋ ਸਦਾ ਲਈ ਸਾਡਾ ਸਾਥ ਦੇਂਦਾ ਹੈ। ਇਸ ਦਾ ਵਾਸਾ ਹਿਰਦੇ ਵਿਚ ਹੁੰਦਾ ਹੈ, ਇਸ ਲਈ ਕੋਈ ਚੋਰ ਉਚੱਕਾ ਇਸ ਨੂੰ ਨਹੀਂ ਪੈ ਸਕਦਾ। ਅੱਗ ਇਸ ਨੂੰ ਨਹੀਂ ਸਾੜ ਸਕਦੀ। ਮਾਇਆ ਨਾਲ ਕੀਤੇ ਹੋਏ ਵਪਾਰ ਵਿਚ ਨੁਕਸਾਨ ਵੀ ਹੋ ਸਕਦਾ ਹੈ ਪਰ ਹਰਿ ਨਾਮ ਧਨ ਅਜਿਹਾ ਧਨ ਹੈ ਜਿਸ ਵਿਚੋਂ ਕੇਵਲ ਨਫ਼ਾ ਹੀ ਹੁੰਦਾ ਹੈ। ਕੋਈ ਨੁਕਸਾਨ ਨਹੀਂ ਹੁੰਦਾ। ਇਸ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਇਹ ਧਨ ਸਦਾ ਵਧਦਾ ਹੀ ਜਾਂਦਾ ਹੈ। ਕਦੇ ਵੀ ਘਟਦਾ ਨਹੀਂ ਭਾਵੇਂ ਸਭ ਜਣੇ ਲਗਾਤਾਰ ਇਸ ਨੂੰ ਵਰਤੀ ਜਾਣ। ਇਸ ਲਈ ਨਾਮ ਦੇ ਵਣਜਾਰੇ ਸਦਾ ਧਨਵੰਤ ਹੁੰਦੇ ਹਨ।

ਇਹ ਧਨ ਕੇਵਲ ਪੂਰੇ ਸਤਿਗੁਰੂ ਪਾਸੋਂ ਹੀ ਪ੍ਰਾਪਤ ਹੋ ਸਕਦਾ ਹੈ। ਜੋ ਮਨੁਖ ਸਚੇ ਸਤਿਗੁਰੂ ਨੂੰ ਸ਼ਾਹ ਬਣਾ ਲੈਂਦਾ ਹੈ, ਅਤੇ ਫਿਰ ਉਸਨੂੰ ਸੱਚਾ ਸ਼ਾਹ ਸਮਝ ਕੇ ਅਪਣਾ ਤਨ ਮਨ ਉਸੇ ਨੂੰ ਅਰਪਣ ਕਰ ਦੇਂਦਾ ਹੈ. ਉਹ ਹੀ ਇਸ ਧਨ ਦਾ ਵਣਜਾਰਾ ਬਣ ਸਕਦਾ ਹੈ। ਉਸ ਦੇ ਹਲਤ ਪਲਤ ਦੋਵੇਂ ਸੁਧਰ ਜਾਂਦੇ ਹਨ। ਇਸਦੇ ਨਾਲ ਹੀ ਸੰਸਾਰਕ ਸੁਖਾਂ ਦਾ ਭਾਗੀ ਵੀ ਬਣ ਜਾਂਦਾ ਹੈ। ਜੋ ਵਸਤ ਸੱਚੇ ਸ਼ਾਹ ਸਤਿਗੁਰੂ ਪਾਸੋਂ ਮੰਗੀਏ, ਪ੍ਰਾਪਤ ਹੋ ਜਾਂਦੀ ਹੈ। ਕੋਈ ਵੀ ਤੋਟ ਨਹੀ ਰਹਿੰਦੀ।

ਸੰਸਾਰਕ ਸੁਖਾਂ ਦੇ ਨਾਲ ਨਾਲ ਮਨ ਦੀ ਸ਼ਾਂਤੀ ਵੀ ਪ੍ਰਾਪਤ ਹੁੰਦੀ ਹੈ। ਰਿਦਾ ਸੀਤਲ ਹੋ ਜਾਂਦਾ ਹੈ। ਜੋ ਲੋਗ ਨਾਸਤਕ ਹੁੰਦੇ ਹਨ, ਉਹ ਭਾਵੇਂ ਕੋਠੀਆਂ ਵਿਚ ਰਹਿੰਦੇ ਹੋਣ, ਕਾਰਾਂ ਵਿਚ ਸੈਰ ਕਰਦੇ ਹੋਣ ਅਤੇ ਕਈ ਪ੍ਰਕਾਰ ਦੇ ਭੋਜਨ ਉਹਨਾਂ ਪਾਸ ਖਾਣ ਲਈ ਹੋਣ, ਤਾਂ ਵੀ ਉਹ ਸੁਖੀ ਨਹੀ ਹੁੰਦੇ ਕਿਉ ਕਿ ਉਹਨਾਂ ਦਾ ਮਨ ਸ਼ਾਂਤ ਨਹੀਂ ਹੁੰਦਾ। ਇਹ ਸ਼ਾਂਤੀ ਕੇਵਲ ਤਾਂ ਹੀ ਪ੍ਰਾਪਤ ਹੁੰਦੀ ਹੈ ਜੇਕਰ ਹਰਿ ਨਾਮ ਧਨ ਪੱਲੇ ਹੋਵੇ। ਨਾਸਤਕਾਂ ਦੇ ਮਨ ਉਪਰ ਮਾਇਆ ਦਾ ਲੇਪ ਚੜ੍ਹਿਆ ਹੁੰਦਾ ਹੈ। ਇਸ ਲਈ ਉਸਨੂੰ ਸੰਤੋਖ ਨਹੀਂ ਆ ਸਕਦਾ। ਚਾਹੇ ਉਸ ਕੋਲ ਸਾਰੀ ਦੁਨੀਆਂ ਦਾ ਧਨ ਵੀ ਇਕੱਠਾ ਕਿਉ ਨਾ ਹੋ ਜਾਵੇ, ਉਸ ਨੂੰ ਥੋੜਾ ਹੀ ਲਗਦਾ ਹੈ, ਇਸ ਲਈ ਉਸ ਨੂੰ ਗਰੀਬ ਕਿਹਾ ਜਾਣਾ ਹੀ ਬਿਹਤਰ ਹੈ। ਇਕ ਧਰਮੀ ਆਦਮੀ ਕੋਲ ਚਾਹੇ ਦੁਨਿਆਵੀ ਸੁਖ ਵਾਲੀ ਕੋਈ ਵੀ ਚੀਜ਼ ਨਾ ਹੋਵੇ ਤਾਂ ਵੀ ਉਹ ਹਰਿ ਨਾਮ ਧਨ ਦੇ ਆਸਰੇ ਸੰਤੋਖ ਵਿਚ ਰਹਿੰਦਾ ਹੈ। ਇਸ ਲਈ ਥੋੜਾ ਧਨ ਹੁੰਦਿਆਂ ਹੋਇਆਂ ਵੀ ਉਹ ਮਨ ਦੇ ਅਮੀਰਾਂ ਵਿਚ ਗਿਣਿਆ ਜਾਣਾ ਚਾਹੀਦਾ ਹੈ। ਨਾਮ ਧਨ ਸ੍ਰੇਸ਼ਟ ਧਨ ਹੈ। ਇਸ ਲਈ ਜਦ ਉਸ ਕੋਲ ਨਾਮ ਧਨ ਹੁੰਦਾ ਹੈ ਤਾਂ ਉਸ ਨੂੰ ਕਿਸੇ ਹੋਰ ਧਨ ਦੀ ਲਾਲਸਾ ਨਹੀਂ ਰਹਿੰਦੀ ਜਦ ਕਿ ਨਾਮ ਧਨ ਹੀਣਾ ਮਨੁਖ ਟੱਕਰਾਂ ਹੀ ਖਾਂਦਾ ਰਹਿੰਦਾ ਹੈ।

ਨਾਮ ਧਨ ਨਿਰਮਲ ਹੈ ਭਾਵ ਕਿ ਇਹ ਮਨ ਨੂੰ ਮੈਲਾ ਨਹੀਂ ਹੋਣ ਦੇਂਦਾ ਜਿਵੇਂ ਕਿ ਦੁਨਿਆਵੀ ਧਨ 'ਮਾਇਆ' ਕਰਦੀ ਹੈ। ਸਗੋਂ ਇਹ ਧਨ ਤਾਂ ਮਨ ਵਿਚੋਂ ਪਾਪਾਂ ਦੀ ਮੈਲ ਕਢ ਦੇਂਦਾ ਹੈ। ਜਿਸ ਮਨੁੱਖ ਨੂੰ ਆਪੇ ਦੀ ਸੋਝੀ ਹੋ ਜਾਂਦੀ ਹੈ ਉਹ ਕਦੇ ਵੀ ਕੱਚਾ ਧਨ ਪ੍ਰਾਪਤ ਕਰਨ ਦਾ ਯਤਨ ਨਹੀਂ ਕਰਦਾ ਕਿਉ ਕਿ ਉਸ ਨੂੰ ਪਤਾ ਹੁੰਦਾ ਹੈ ਕਿ ਅਸਲੀ ਧਨ ਤਾਂ ਨਾਮ ਰੂਪੀ ਧਨ ਹੀ ਹੁੰਦਾ ਹੈ। ਫਿਰ ਜਦ ਨਾਮ ਰੂਪੀ ਅਪਾਰ ਧਨ ਦੀ ਉਸ ਨੂੰ ਪ੍ਰਾਪਤੀ ਹੋ ਜਾਂਦੀ ਹੈ ਤਾਂ ਉਸ ਨੂੰ ਕਿਸੇ ਚੀਜ਼ ਦਾ ਘਾਟਾ ਨਹੀਂ ਰਹਿੰਦਾ ਕਿਉਂਕਿ ਫਿਰ ਦਾਤਾਰ ਉਸ ਨੂੰ ਹਰੇਕ ਚੀਜ਼ ਦੀ ਦਾਤ ਦੇਂਦਾ ਰਹਿੰਦਾ ਹੈ ਪਰ ਇਹ ਧਨ ਪੂਰੇ ਸਤਿਗੁਰੂ ਦੀ ਕਿਰਪਾ ਨਾਲ ਕਿਸੇ ਭਾਗਾਂ ਵਾਲੇ ਨੂੰ ਹੀ ਮਿਲਦਾ ਹੈ। ਸਤਿਗੁਰ ਦੇ ਮੇਲ ਨਾਲ ਹੀ ਉਸ ਨੂੰ ਇਸ ਧਨ ਦੀ ਸੋਝੀ ਹੁੰਦੀ ਹੈ। ਇਹ ਧਨ ਉਸ ਮਨੁੱਖ ਨੂੰ ਪ੍ਰਾਪਤ ਹੁੰਦਾ ਹੈ ਜੋ ਸੰਸਾਰਕ ਮਾਇਆ ਦੇ ਵਿਚ ਵਿਚਰਦਾ ਹੋਇਆ ਵੀ ਮਾਇਆ ਤੋਂ ਨਿਰਲੇਪ ਰਹਿੰਦਾ ਹੈ। ਗੁਰਮੁਖ ਜਨ ਨਾਮ ਦਾ ਵਪਾਰ ਪਰੇਮ ਨਾਲ ਕਰਦੇ ਹਨ। ਇਹ ਸਭ ਤਾਂ ਹੀ ਪ੍ਰਾਪਤ ਹੋ ਸਕਦਾ ਹੈ ਜੇ ਕਰ ਹਰੀ ਪ੍ਰਭੂ ਦਾ ਮਿਹਰ ਭਰਿਆ ਹੱਥ ਸੀਸ ਉਪਰ ਹੋਵੇ। ਸਾਨੂੰ ਇਸ ਲਈ ਬੇਨਤੀ ਕਰਨੀ ਚਾਹੀਦੀ ਹੈ ਅਤੇ ਅਜ ਤੋਂ ਹੀ ਆਪਾ ਤਿਆਗ ਕੇ ਸਤਿਗੁਰ ਨੂੰ ਸ਼ਾਹ ਬਣਾ ਲੈਣਾ ਚਾਹੀਦਾ ਹੈ। ਜਿਨਾਂ ਨੇ ਸਤਿਗੁਰ ਨੂੰ ਸ਼ਾਹ ਬਣਾ ਲਿਆ ਹੈ ਉਨ੍ਹਾਂ ਨੂੰ ਲੇਖਿਆਂ ਦੇ ਗੇੜ ਵਿਚ ਨਹੀਂ ਪੈਣਾ ਪੈਂਦਾ ਕਿਉਂਕਿ ਉਹ ਸਚਾ ਸ਼ਾਹ ਹੈ ਅਤੇ ਲੇਖਾ ਨਹੀਂ ਰਖਦਾ ਇਹ ਨਾਮ ਧਨ ਰਤਨਾਂ ਦੀ ਗੁਥਲੀ ਹੈ ਜਿਸ ਨੂੰ ਖੋਲ੍ਹਣ ਦੀ ਸਮਰਥਾ ਸਤਿਗੁਰ ਪਾਸ ਹੀ ਹੈ। ਜਿਨ੍ਹਾਂ ਗੁਰਮੁਖ ਜਨਾਂ ਨੂੰ ਇਨ੍ਹਾਂ ਰਤਨਾਂ ਦੀ ਸਾਰ ਹੁੰਦੀ ਹੈ ਉਹ ਹੀ ਇਸ ਦਾ ਵਪਾਰ ਕਰਤੇ ਹਨ। ਜਿਨ੍ਹਾਂ ਅਗਿਆਨੀਆਂ ਨੂੰ ਸੋਝੀ ਨਹੀਂ, ਉਹ ਭਟਕਦੇ ਫਿਰਦੇ ਹਨ।

www.AKJ.Org

## ਗੁਰੂ ਨਾਨਕ ਪੰਜ ਸੌ ਸਾਲਾ ਪਰਕਾਸ਼ ਉਤਸ਼ਵ ਦੇ ਸਬੰਧ ਵਿਚ

# ਅਖੰਡ ਕੀਰਤਨ ਸਮਾਗਮ ਅੰਬਾਲਾ ਛਾਉਣੀ

ਸਰਬਤ ਗੁਰਮੁਖ ਪਿਆਰਿਆਂ ਨੂੰ ਜੋਦੜੀ ਕੀਤੀ ਜਾਂਦੀ ਹੈ ਕਿ ਗੁਰੂ ਨਾਨਕ ਪੰਜ ਸੌ ਸਾਲਾ ਦੇ ਸਬੰਧ ਵਿਚ ਅਖੰਡ ਕੀਰਤਨ ਸਮਾਗਮ ਹੋ ਰਹੇ ਹਨ। ਨਿਮ੍ਰਤਾ ਸਹਿਤ ਬੇਨਤੀ ਹੈ ਕਿ ਕੋਈ ਕੀਰਤਨੀ ਜਥਾ ਜਾਂ ਕੋਈ ਵੀਰ ਇਹਨਾਂ ਤਾਰੀਖਾਂ ਵਿਚ ਹੋਰ ਕੋਈ ਸਮਾਗਮ ਨਾ ਰਖਣ ਤਾਂ ਜੋ ਸਮੂੰਹ ਸੰਗਤਾਂ ਇਕੋ ਹੀ ਸੋਮੇਂ ਤੋਂ ਰਸ ਭੁੰਚ ਸਕਣ।

ਦਾਸਰੇ—ਨਿਰਬਾਣ ਕੀਰਤਨੀ ਜਥਾ, ਅੰਬਾਲਾ ਛਾਉਣੀ।

## ਪਰੋਗਰਾਮ

| | | |
|---|---|---|
| 12-8-69 | ਅਰੰਭ ਸ੍ਰੀ ਅਖੰਡ ਪਾਠ ਸਵੇਰੇ 7 ਵਜੇ | ਗੁਰਦਵਾਰਾ ਗੋਬਿੰਦ ਨਗਰ, ਅੰਬਾਲਾ ਛਾਉਣੀ। |
| 14-8-69 | ਭੋਗ ਸ੍ਰੀ ਅਖੰਡ ਪਾਠ ਤੇ ਉਪ੍ਰੰਤ ਕੀਰਤਨ | ,, ,, |
| 14-8-69 | ਸ਼ਾਮ 7-30 ਤੋਂ 10 ਤਕ | ਗੁਰਦਵਾਰਾ ਰੇਲਵੇ ਕਾਲੋਨੀ ਅੰਬਾਲਾ ਛਾਉਣੀ। |
| 15-8-69 | ਸਵੇਰੇ 5 ਤੋਂ 12 ਤਕ | ਪੰਜਾਬੀ ਗੁਰਦਵਾਰਾ ਅੰਬਾਲਾ ਛਾਉਣੀ। |
| 15-8-69 | ਸ਼ਾਮ 6 ਤੋਂ 10 ਤਕ | ਗੁ: ਰਜਮੈਂਟ ਬਾਜ਼ਾਰ, ਅੰਬਾਲਾ ਛਾਉਣੀ। |
| 16-8-69 | ਸਵੇਰੇ 5 ਤੋਂ 12 ਤਕ | ਗੁ: ਮੰਜੀ ਸਾਹਿਬ ਅੰਬਾਲਾ ਸ਼ਹਿਰ (ਇਤਿਹਾਸਕ ਗੁ: ਛੇਵੀਂ, ਨਾਵੀਂ ਤੇ ਦਸਵੀਂ ਪਾਤਸ਼ਾਹੀ) |

## ਰੈਣ-ਸਬਾਈ

| | | |
|---|---|---|
| 16-8-69 | ਰਾਤ 8 ਵਜੇ ਅਰੰਭ | ਗੁਰਦਵਾਰਾ ਗੋਬਿੰਦ ਨਗਰ, ਅੰਬਾਲਾ ਛਾਉਣੀ। |
| 17-8-69 | ਭੋਗ ਰੈਣ ਸਬਾਈ ਸਵੇਰੇ 8 ਵਜੇ ਤੇ ਸਮਾਪਤੀ। | |

ਅੰਮ੍ਰਿਤ ਸੰਚਾਰ 16-8-69 ਨੂੰ ਗੁਰਦਵਾਰਾ ਗੋਬਿੰਦ ਨਗਰ ਦੇ ਲਾਗੇ ਹੀ ਹੋਵੇਗਾ। ਅਭਲਾਸ਼ੀ-ਜਨ ਹਾਜ਼ਰੀਆਂ ਭਰ ਕੇ ਜਨਮ ਸਫਲ ਕਰਨ।

ਸੰਗਤਾਂ ਦੀ ਰਿਹਾਇਸ਼ ਦਾ ਪ੍ਰਬੰਧ ਗੁਰਦਵਾਰਾ ਗੋਬਿੰਦ ਨਗਰ ਵਿਖੇ ਪਿਛਲੇ ਸਾਲ ਵਾਂਗ ਹੀ ਹੋਵੇਗਾ।

ਪੁਛ ਗਿਛ ਲਈ—

(1) ਭਾਈ ਇੰਦਰ ਸਿੰਘ ਗੁਲਾਟੀ ਪ੍ਰਾਪਰਟੀ ਡੀਲਰਜ਼
ਗੋਬਿੰਦ ਨਗਰ, ਅੰਬਾਲਾ ਛਾਉਣੀ।

(2) ਭਾਈ ਦੁਰਲਭ ਸਿੰਘ ਹੈਡ ਕਲਰਕ
ਕਾਨਸਟਰਕਸ਼ਨ ਡਵੀਜ਼ਨ ਪੀ.ਡਬਲਯੂ.ਡੀ. ਬੀ. ਐਂਡ ਆਰ.
ਜਰਨੈਲੀ ਕੋਠੀ, ਕਰਨਾਲ।

ਨਿਰਬਾਣ ਕੀਰਤਨੀ ਜਥਾ,
ਅੰਬਾਲਾ ਛਾਉਣੀ।



www.AKJ.org

# } ਰਾਜਸੀ ਠਾਠ {

(ਲੇਖਕ—ਗੁਰਪੁਰਵਾਸੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ)

ਦੂਜੇ ਸੁਧਾ ਸਵਯੇ ਅੰਦਰਿ ਗੁਰੂ ਸਾਹਿਬ ਨੇ ਆਪਣੇ ਅਨਿਨ ਗੁਰਸਿਖਾਂ ਤਾਈਂ ਇਸ ਬਿੱਦਤ ਤੋਂ ਹੋੜਿਆ ਹੈ ਕਿ ਉਹ ਬੜੀ ਬੜੀ ਰਾਜਸੀ ਐਸ਼੍ਰਜਤਾ ਦੇ ਅਡੰਬਰਾਂ ਵਾਲੇ ਰਾਜਿਆਂ ਮਹਾਰਾਜਿਆਂ ਭੂਪਾਂ ਭੂਪਿੰਦਰਾਂ ਲੋਕ ਪਰਧਾਨਤਾ ਵਾਲੇ ਬੜੇ ਬੜੇ ਪਰਸਿਧ ਨੇਤਾਵਾਂ ਨੂੰ ਵੇਖ ਕੇ ਭਰਮ ਨਾ ਜਾਣ ਅਤੇ ਉਹਨਾਂ ਦੇ ਪਿਛੇ ਰੀਝ ਕੇ ਆਪਣੀ ਸਰਲ ਅਨਿੰਨਤਾ ਵਾਲੇ ਪਰਮਾਰਥੀ ਅਨਸਰ ਤੋਂ ਬੇਮੁਖ ਨ ਹੋ ਬੈਠਣ। ਅਤੇ ਤੱਤ ਗੁਰਮਤਿ ਨੂੰ ਪਿਠ ਨ ਦੇ ਬੈਠਣ। ਉਚ ਉਚਾਣੀ ਮਾਇਕ ਲਾਲਚਾਂ ਦੇ ਕਾਰਨ ਲਲਚਾ ਕੇ ਗੁਰਮਤਿ ਗਰੀਬੀ ਤੋਂ ਮੁਨਹਰਫ ਨ ਹੋ ਜਾਣ। ਗੁਰਮਤਿ ਗਰੀਬੀ ਦੀ ਤੱਤ ਰਹਿਤ ਦੇ ਸਾਹਮਣੇ ਰਾਜਸੀ ਦਿਖਾਵੇ ਵਾਲੇ ਔਜ ਚਾਹੇ ਕਿਤਨੇ ਉਚੇ ਤੋਂ ਉਚੇ ਭਾਸਦੇ ਹੋਣ, ਤੁਛ ਮਾਤਰ ਹਨ। ਗੁਰਮਤਿ ਧਾਰਨੀ ਗੁਰਮੁਖਿ ਦੇ ਰੋਮ ਰੋਮ ਅੰਦਰ ਗਹਿਰੀ ਤੋਂ ਗਹਿਰੀ ਗੰਭੀਰੀ ਗਰੀਬੀ ਪਰਵੇਸ਼ ਹੁੰਦੀ ਹੈ ਜਿਉਂ ਜਿਉਂ ਉਹ ਗੁਰਮਤਿ ਨਾਮ ਦੇ ਤੱਤ ਅਭਿਆਸੀ ਬਣਦੇ ਹਨ ਤਿਉਂ ਤਿਉਂ ਨਿਰਮਾਣਤਾ ਦੇ ਹੀ ਪੁੰਜ ਹੁੰਦੇ ਜਾਂਦੇ ਹਨ। ਇਸ ਦੇ ਮੁਕਾਬਲੇ ਵਿਚ ਗੁਰਮਤਿ ਗੌਰਵਤਾ ਤੋਂ ਘੁਥੇ ਹੋਏ ਰਾਜਸੀ ਪੋਜੀਸ਼ਨਾਂ ਦੇ ਪਿਛੇ ਲਗਣ ਵਾਲੇ ਤ੍ਰਿਸ਼ਨਾਲੂਆਂ ਦੇ ਅੰਦਰਿ ਨਿਰਾ ਅਹੰਕਾਰ ਤੇ ਅਭਿਮਾਨ ਹੀ ਆ ਜਾਂਦਾ ਹੈ। ਗੁਰਮਤਿ ਰੋਸ਼ਨੀ ਤਲੇ ਇਹ ਅਭਿਮਾਨੀ ਨਿਰੇ ਨਰਕਪਾਤਰ ਨਫਸਾਨੀ ਕੁਤੇ ਹੀ ਸ਼ੁਮਾਰ ਕੀਤੇ ਜਾਂਦੇ ਹਨ। ਯਥਾ ਗੁਰਵਾਕ:—

ਜਿਸ ਕੈ ਅੰਤਰਿ ਰਾਜ ਅਭਿਮਾਨ।
ਸੋ ਨਰਕ ਪਾਤੀ ਹੋਵਨ ਸੁਆਨ।

ਦੇਖੋ ਸ੍ਰੀ ਦਸਮੇਸ਼ ਜੀ ਦੂਜੇ ਸਵਈਏ ਅੰਦਰਿ ਆਪਣੇ ਸਿਰੀ ਮੁਖ ਵਾਕ ਦੁਆਰਾ ਏਹਨਾਂ ਮਾਨ ਮਤਿਆਂ ਰਾਜ ਅਭਿਮਾਨੀਆਂ ਦੀ ਕੈਸੀ ਗਤਿ ਬਣਾਉਂਦੇ ਹਨ ਯਥਾ:—

ਮਾਤੇ ਮਤੰਗ ਜਰੇ ਜਰ ਸੰਗ ਅਨੂਪ ਉਤੰਗ ਸੁਰੰਗ ਸਵਾਰੇ।
ਕੋਟ ਤੁਰੰਗ ਕੁਰੰਗ ਸੇ ਕੂਦਤ ਪਉਨ ਕੇ ਗਉਨ ਕੋ ਜਾਤ ਨਿਵਾਰੇ।
ਭਾਰੀ ਭੁਜਾਨ ਕੇ ਭੂਪ ਭਲੀ ਬਿਧਿ ਨਿਆਵਤ ਸੀਸ ਨਜਾਤ ਬ੍ਰਿਚਾਰੇ
ਏਤੇ ਭਏ ਤੁ ਕਹਾ ਭਏ ਭੂਪਤਿ ਅੰਤ ਕੋ ਨਾਗੇ ਹੀ ਪਾਇ ਪਧਾਰੇ।

ਸੋ ਬੜੇ ਬੜੇ ਐਸ਼੍ਰਜ ਵਾਲੇ ਪੁਰਸ਼ ਮਤੇ ਹੋਏ ਅਜੇਹੇ ਹਾਥੀਆਂ ਦੇ ਮਾਲਕ ਹਨ ਜੋ ਸੋਨੇ ਨਾਲ ਜੜੇ ਹੋਏ ਹੁੰਦੇ ਹਨ ਬੜੇ ਬੜੇ ਉਚੇ ਉਚੇ ਕੱਦਾਂ ਵਾਲੇ ਸੋਨੇ ਨਾਲਿ ਸਜਾਏ ਹੋਏ ਉਪਮਾਂ ਤੋਂ ਰਹਿਤ ਰੰਗੀਲੀ ਸਜਾਵਟ ਵਾਲੇ ਹੁੰਦੇ ਹਨ। ਜਿਨਾਂ ਰਾਜਸੀ ਵਡ ਗਿਰੰਬਾਰੀ ਐਸ਼੍ਰਜੀਆਂ ਪਾਸ ਕਰੋੜਾਂ ਘੋੜੇ ਹੀ ਐਸੇ ਹੁੰਦੇ ਹਨ ਜੋ ਤੁਰਨ ਵਿਚਿ ਹਰਨਾਂ ਦੀ ਨਿਆਈ ਕੁਦਦੇ ਜਾਂਦੇ ਹਨ ਤੇ ਤੁਰਨ ਦੀ ਤੇਜ਼ੀ ਵਿਚਿ ਪਉਣ ਦੇ ਵੇਗ ਨੂੰ ਭੀ ਮਾਤ ਪਾਉਂਦੇ ਜਾਂਦੇ ਹਨ ਤੇ ਜਿਨਾਂ ਨੂੰ ਬੜੇ ਬੜੇ ਐਸ਼੍ਰਜ ਸੰਪਤਾ ਦੇ ਮਾਲਕਾਂ ਨੂੰ ਭਾਰੀ ਭੁਜਾਨ ਕੇ ਭੂਪ ਭਲੀ ਭਾਂਤ ਸਿਰਿ ਨਿਵਾਉਂਦੇ ਤੇ ਜੁਹਾਰ ਕਰਦੇ ਨਹੀਂ ਥਕਦੇ ਇਸ ਬਿਧਿ ਨਿਵਣ ਨੂੰ ਅਪਣੀ ਹਾਨੀ ਕਰਕੇ ਨਹੀਂ ਜਾਣਦੇ, ਏਨੇ ਵਡੇ ਭੂਪਤਾਂ ਦੇ ਭੂਪ ਜੋ ਹੋਏ ਹਨ ਉਹਨਾਂ ਦਾ ਹਸ਼ਰ ਅੰਤੀ ਅਉਸਰ ਇਹ ਹੋਇਆ ਹੈ ਕਿ ਨਾਂਗੇ ਪਾਇ ਹੀ ਪਧਾਰ ਜਾਂਦੇ ਹਨ। ਅਜੇਹੇ ਮਾਨਧਾਰੀਆਂ ਤੇ ਕੂੜ੍ਹਾਵੇ ਦੇ ਹਸ਼ਰਾਵੀਆਂ ਦੀ ਐਂਠ ਐਂਠਕੇ ਕੇ ਵਿਡਾਣੀ ਚਾਕਰੀ ਕਰਨ ਦੇ ਫਖਰ ਕਰਨਹਾਰਿਆਂ ਨੂੰ ਖਾਸ ਕਰਕੇ ਗੁਰ ਸਿਖ ਲੀਡਰਾਂ ਨੂੰ ਖਾਸ ਇਬਰਤ ਹੋਣੀ ਚਾਹੀਦੀ ਹੈ। ਜੇ ਇਸ ਸਵਈਏ ਦਾ ਗੁਰਮਤਿ ਵੀਚਾਰ ਪੂਰਬਕ ਨਿਤਾਰਨ ਲਈ ਅਧੇਨ ਕੀਤਾ ਜਾਵੇ ਤਾਂ ਕੋਈ ਭੀ ਗੁਰਸ਼ਿਖ ਰਾਜਸੀ ਐਸ਼ ਵਲ ਧਾਵਨੀਆਂ ਕਰਨ ਦਾ ਨਾਉਂ ਨ ਲਵੇ। ਏਹਨਾਂ ਅਗੇ ਭਾਵੇਂ ਨਵਾਬੀਆਂ ਗਵਰਨਰੀਆਂ ਰੁਲਦੀਆਂ ਫਿਰਨ ਅਜੇਹੀਆਂ ਸੰਸਾਰਕ ਉਚ ਪੋਜ਼ੀਸ਼ਨਾਂ ਦੇ ਫੇਰ ਭੀ ਜੇ ਤ੍ਰਿਸ਼ਨਾਲੂ


www.AKJ.org

ਨ ਬਨਣ ਓਹਨਾਂ ਦੇ ਅੰਦਰਿ ਹੀ ਸਚੀ ਗੁਰਮਤ ਆਉਂਦੀ ਹੈ। ਗਲ ਕੀ ਭਗਵਾਨ ਦੇ ਸਚੇ ਭਜਨ ਨੂੰ ਛਡਕੇ ਜੋ ਨਿਰੇ ਨਿਰਲੱਜ ਹੋਕੇ ਏਹਨਾਂ ਕੂੜਾਵੀਆਂ ਮਰਾਤਬੇ ਪਰਸਤੀਆਂ ਵਿਚਿ ਪੈਂਦੇ ਹਨ ਓਹ ਗੁਰੂ ਸਾਹਿਬ ਦੀ ਤੱਤ ਸਿਖਿਆ ਤੇ ਚਲਣ ਵਾਲੇ ਸਿਖ ਨਹੀਂ ਕਹਾ ਸਕਦੇ। ਗੁਰੂ ਸਾਹਿਬ ਦਾ ਕੈਸਾ ਸਪਸ਼ਟ ਹੁਕਮ ਹੈ- ਨਾਨਕ ਹੋਰਿ ਪਾਤਸਾਹੀਆ ਕੂੜੀਆ ਨਾਮ ਰਤੇ ਪਾਤਸਾਹ, ਭਾਵ ਨਾਮ ਰਤੜੇ ਬੇਪਰਵਾਹ ਬੇ ਮੁਥਾਜ ਪਾਤਸ਼ਾਹਾਂ ਦੇ ਨਜ਼ਰ ਤਲੈ ਕੂੜਾਵੀਆਂ ਮਾਇਕ ਪਾਤਸ਼ਾਹੀਆਂ ਹੇਚ ਹਨ। ਤੀਸਰੇ ਸੁਧਾ ਸਵਈਏ ਅੰਦਰਿ ਭੀ ਸਚੇ ਪਾਤਸ਼ਾਹ ਗੁਰੂ ਦਸਮੇਸ਼ ਜੀ ਨੇ ਗੁਰਸਿਖਾਂ ਦੀ ਦ੍ਰਿਸ਼ਟੀ ਗੋਚਰ ਕੈਸਾ ਭਿਅੰਕਰ ਦ੍ਰਿਸ਼ ਏਹਨਾਂ ਪਾਤਸ਼ਾਹਾਂ ਦਾ ਬੰਨ੍ਹਿਆਂ ਹੈ ਯਥਾ:—

ਜੀਤ ਫਿਰੈ ਸਭ ਦੇਸ ਦਿਸਾਨ ਕੋ ਬਾਜਤ ਢੋਲ ਮ੍ਰਿਦੰਗ ਨਗਾਰੇ।
ਗੁੰਜਤ ਗੂੜ ਗਜਾਨੁ ਕੇ ਸੁੰਦਰ ਹਿੰਸਤ ਹੈਂ ਹਯਰਾਜ ਹਜਾਰੇ।
ਭੂਤ ਭਵਿਖ ਭਵਾਨ ਕੇ ਭੂਪਤ ਕਉਨੁ ਗਨੇ ਨਹੀ ਜਾਤ ਬਿਚਾਰੇ।
ਸ੍ਰੀ ਪਤਿ ਸ੍ਰੀ ਭਗਵਾਨ ਭਜੇ ਬਿਨੁ ਅੰਤਕੋ ਅੰਤਕੇ ਧਾਮ ਸਿਧਾਰੇ।

ਸਾਰੇ ਪਾਸੇ ਤੇ ਕੂੰਟਾਂ ਤੇ ਦੇਸ਼ ਦਿਸ਼ਾਂਤਰਾਂ ਨੂੰ ਜਿੱਤਕੇ ਜੈ ਬਿਜੇ ਦਾ ਸਿਹਰਾ ਲਈ ਫਿਰਨ ਵਾਲਿਆਂ ਨੂੰ ਗੁਰੂ ਸਾਹਿਬ ਨੇ ਬੜਾ ਹੀ ਹਕੀਰ ਤੇ ਕੰਗਲਾ ਜਣਾਇਆ ਹੈ। ਉਹਨਾਂ ਵਿਚ ਨਿਰੀ ਹਮਾਕਤ ਵਧਦੀ ਹੈ। ਹਮਾਕਤ ਦੇ ਬਫਾਏ ਹੋਏ ਉਹ ਕਿਸੇ ਦੇਸ਼ ਦੀ ਜੈ ਬਿਜੇ ਕਰਕੇ ਆਪਣੇ ਜਾਮੇ ਵਿਚਿ ਮਿਉਂਦੇ ਨਹੀਂ ਖੁਸ਼ੀ ਦੀਆਂ ਆਕੜਾਂ ਢੋਲ ਮਿਰਦੰਗ ਨਗਾਰੇ ਹੋਰ ਵਧੇਰੇ ਬਜਾਉਂਦੇ ਫਿਰਦੇ ਹਨ। ਅਨੇਕਾਂ ਆਈਟਮ ਬੰਬ ਦੇ ਧਮਕਾਰੇ ਧੁਮਾਉਂਦੇ ਹਨ ਦੂਜੇ ਪਾਸੇ ਦੇ ਹਮਾਕਤੀ ਭੇੜੂ ਰਾਜੇ ਹਾਈਡਰੋਜਨ ਆਦਿ ਬੰਬਾਂ ਦੇ ਤਿਆਰੇ ਕਰਦੇ ਫਿਰਦੇ ਹਨ। ਇਸੇ ਬਿਧਿ ਹੰਕਾਰੇ ਫੁੰਕਾਰੇ ਹੋਏ ਆਪਸ ਵਿਚ ਖਹਿ ਖਹਿ ਮਰਨ ਦੇ ਕੂੜਾਵੇ ਬੁੰਗਾਰੇ ਬੁੰਗਾਰਦੇ ਹਨ। ਪੁਰਾਤਨ ਰਾਜੇ ਰਾਜੇਸ਼ਰਾਂ ਦੇ ਦੇਸ ਦਿਸੰਤਰੀ ਜੈ ਬਿਜਈਆਂ ਦੇ ਤਬਾਦਲਿਆਂ ਅੰਦਰਿ ਤਾਂ ਬੜੇ ਬੜੇ ਕਵੀ ਹੈਂਕਲ ਹਾਥੀ ਗਜਦੇ ਸਨ ਤੇ ਕੋਤਲ ਘੋੜੇ ਰਾਜ ਹਜਾਰੇ ਹਾਥੀਆਂ ਦੇ ਕੱਦਾਂ ਵਾਲੇ ਹਿਣਕਦੇ ਫਿਰਦੇ ਸਨ ਅਜ ਕਲ ਦੇ ਰਾਜ ਅਭਿਮਾਨੀਆਂ ਦੇ ਘਰੀਂ ਐਟਮਬੰਬਾਂ ਹਾਈਡਰੋਜਨ ਬੰਬਾਂ ਦੇ ਗੰਜਾਂ ਦੇ ਗੰਜ ਉਸਰੇ ਪਏ ਹਨ। ਪਿਛੇ ਪਿਛਲੇ ਜੁਗਾਂ ਵਿਚਿ ਏਦੂੰ ਭੀ ਵਡੀਆਂ ਤਾਕਤਾਂ ਵਾਲੇ ਮਹੀਪ ਹੋ ਚੁਕੇ ਹਨ ਤੇ ਅਗੇ ਨੂੰ ਖਬਰ ਨਹੀਂ ਹੋਰ ਕਿਤਨੀਆਂ ਵਡੀਆਂ ਤਾਕਤਾਂ ਵਾਲੇ ਦੁਨੀਆਂਦਾਰ ਵਡੇ ਰਾਜੇ ਹੋ ਗੁਜ਼ਰਨਗੇ। ਪਰੰਤੂ ਸਚੇ ਵਾਹਿਗੁਰੂ ਸ੍ਰੀ ਭਗਵਾਨ ਦੇ ਸਚੇ ਭਜਨ ਨਾਮ ਅਭਿਆਸ ਬਿਨਾਂ ਅੰਤੀ ਅਉਸਰ ਏਵਡ ਵਡੇ ਰਾਜ ਅਭਿਮਾਨੀ ਰਾਜਸੀ ਮਹੀਪ ਸਭ ਭਸਮਾਂਭੂਤ ਹੋ ਜਾਣਗੇ। ਅਸੀਂ ਆਪਣੇ ਅਖੀਂ ਰੁਹਤਾਸ ਦਾ ਕਿਲਾ ਦੇਖਿਆ ਹੈ ਜਿਸ ਦੀਆਂ ਫਸੀਲਾਂ ਕਈ ਮੀਲਾਂ ਵਿਚਿ ਵਗਲੀਆਂ ਪਈਆਂ ਹਨ ਅਜ ਉਥੇ ਉਲੂ ਬੋਲਦੇ ਹਨ। ਦੇਖਕੇ ਇਬਰਤ ਆਉਂਦੀ ਹੈ ਕਿ ਏਹਨਾਂ ਕਿਲੇ ਦੇ ਮਾਲਕਾਂ ਨੇ ਆਪਣੇ ਅਗਿਆਨ ਭਰੇ ਅਭਿਮਾਨ ਦੇ ਗੁਸੇ ਹੋਇਆਂ ਨੇ ਇਹ ਮਿਥਿਆ ਹੋਇਆ ਸੀ ਕਿ ਰਹਿੰਦੇ ਜਹਾਨ ਤਾਂਈ ਅਸਾਡੇ ਐਸ਼੍ਰਜੀ ਰਾਜਧਾਮ ਕਿਲੇ ਕਾਇਮ ਦਾਇਮ ਹੀ ਰਹਿਣਗੇ। ਅਜ ਉਥੇ ਬਰਨਾ ਬੋਲਦੀ ਹੈ ਉਸ ਸਮੇਂ ਦੇ ਭਾਰੀ ਭੂਜਾਨ ਦੇ ਸ਼ੇਰਸ਼ਾਹ ਨੇ ਹਮਾਯੂੰ ਪਾਤਸ਼ਾਹ ਦੇ ਬਰਖਿਲਾਫ ਇਹ ਅਡੰਬਰ ਰਚਿਆ ਸੀ। ਪਰ ਇਸ ਅਡੰਬਰੀ ਵਡ ਗਿਰੰਬਾਰੀ ਕੂੜਾਵੇ ਪਾਤਸ਼ਾਹ ਨੇ ਸਚੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਦੇ ਬਰਖਿਲਾਫ ਭੀ ਬਗਾਵਤ ਕਰਨੋਂ ਕਸਰ ਨਹੀਂ ਛਡੀ ਸੀ। ਇਸ ਕਿਲੇ ਤੋਂ ਬਾਹਰਵਾਰ ਗੁਰੂ ਨਾਨਕ ਸਾਹਿਬ ਜੀ ਦੇ ਗਾਇਬੀ ਤਾਕਤ ਨਾਲ ਸਰਸ਼ਾਰ ਕੀਤੇ ਅਥਾਹ ਜਲ ਦੇ ਚਸ਼ਮੇ ਨੂੰ ਆਪਣੇ ਕਿਲੇ ਅੰਦਰਿ ਲਿਆਉਣ ਦੀ ਬੜੀ ਭਾਰੀ ਹਮਾਕਤ ਭਰੀ ਕੋਸ਼ਿਸ਼ ਕੀਤੀ ਪਰ ਉਹ ਨਾਕਾਮਯਾਬ ਹੀ ਰਹੀ। ਸੱਤ ਵਾਰ ਕੰਧਾਂ ਉਸਾਰਕੇ ਉਸ ਗਾਇਬੀ ਚਸ਼ਮੇ ਨੂੰ ਕਿਲੇ ਅੰਦਰ ਲਿਆਉਣ ਦਾ ਤਰਲਾ ਮਾਰਿਆ ਪਰੰਤੂ ਬਿਰਥਾ ਹੀ ਗਿਆ। ਅਜ ਓਹ ਸਤੇ ਦੀਵਾਰਾਂ ਸੁੰਞੀਆਂ ਓਵੇਂ ਜਿਵੇਂ ਖੜੀਆਂ ਹਸਰਤ ਆਮੇਜ਼ ਨਜ਼ਾਰਾ ਪੇਸ਼ ਕਰ ਰਹੀਆਂ ਹਨ। ਗੁਰੂ ਦਾ ਨਦਰਾਇਆ ਹੋਇਆ ਜਲ ਦਾ ਚਸ਼ਮਾ ਏਹਨਾਂ ਸਤਾਂ ਹੀ ਦੀਵਾਰਾਂ ਤੋਂ ਬਾਹਰ ਵਾਰ ਕਾਇਮ ਦਾਇਮ ਹੈ। ਉਥੇ ਗੁਰਦਵਾਰਾ ਸਜਿਆ ਹੋਇਆ ਹੈ। ਬੜੀਆਂ ਰੌਣਕਾਂ ਬਣੀਆਂ ਹੋਈਆਂ ਹਨ। ਸੈਂਕੜੇ ਸਿਖ ਯਾਤਰੂ ਯਾਤਰਾ ਕਰ ਕਰਕੇ ਨਿਹਾਲ ਨਿਹਾਲ ਤੇ ਕ੍ਰਿਤ ਕ੍ਰਿਤ ਹੁੰਦੇ ਹਨ। ਪਰ ਉਸ ਉਜੜੇ ਹੋਏ ਰਹੁਤਾਸ ਦੇ ਕਿਲੇ ਵਲ ਕੋਈ ਥੁਕਦਾ ਭੀ ਨਹੀਂ। ਅਜੇਹੇ ਉਦਾਹਰਨਾਂ ਨੂੰ ਪੇਖਕੇ ਸਾਡੀ ਯਕੀਨ ਭਰੀ ਸਰਧਾ ਹੋਰ ਭੀ ਵਧੇਰੇ ਹੋ ਗਈ ਹੈ ਕਿ ਪੰਜਾ ਸਾਹਿਬ ਜੈਸੇ ਗੁਰ ਅਸਥਾਨ ਇਕ ਦਿਨ ਜ਼ਰੂਰ ਹੀ ਆਜ਼ਾਦ ਹੋਣਗੇ ਅਭਿਮਾਨੀਆਂ ਦੇ ਅਭਿਮਾਨ ਵਿਚੇ ਹੀ ਰਹਿ ਜਾਣਗੇ।

ਚੌਥੇ ਸਵਈਏ ਅੰਦਰਿ ਸਿਰੀ ਗੁਰੂ ਸਚੇ ਪਾਤਸ਼ਾਹ ਦਸਮੇਸ਼ ਜੀ ਨੇ ਗੁਰਮਤਿ ਤੋਂ ਛੁਟ ਆਨਮਤ ਦੇ ਵਡੇ ਅਡੰਬਰੀ ਕਾਰਨਾਮਿਆਂ ਨੂੰ ਤੁਛ ਮਾਤਰ ਕਰਕੇ ਪਰਗਟਾਇਆ

www.AKJ.Org

ਹੈ ਜਾਂ ਤੇ ਕੋਈ ਭੀ ਸਿਖ ਏਹਨਾਂ ਅਡੰਬਰਾਂ ਨੂੰ ਦੇਖਕੇ ਗੁਰਮਤਿ ਦੇ ਸਚੇ ਪਰਮਾਰਥ ਤੋਂ ਭੁਲ ਨਾ ਜਾਵੇ ਯਥਾ:–

ਤੀਰਥ ਨਾਨ ਦਇਆ ਦਮ ਦਾਨ ਸੁ ਸੰਜਮ ਨੇਮ ਅਨੇਕ ਬਿਸੇਖੈ ।
ਬੇਦ ਪੁਰਾਨ ਕਤੇਬ ਕੁਰਾਨ ਜਮੀਨ ਜਮਾਨ ਸਬਾਨ ਕੇ ਪੇਖੈ ।
ਪਉਨ ਅਹਾਰ ਜਤੀ ਜਤ ਧਾਰ ਸਬੈ ਸੁ ਬਿਚਾਰ ਹਜਾਰਕ ਦੇਖੈ ।
ਸ੍ਰੀ ਭਗਵਾਨ ਭਜੇ ਬਿਨੁ ਭੂਪਤਿ ਏਕ ਰਤੀ ਬਿਨੁ ਏਕ ਨ ਲੇਖੈ ।

ਇਸ ਸਵਈਏ ਅੰਦਰ ਕੈਸੀ ਅਉਜ ਭਰੀ ਉਚਤਾ ਸਹਿਤ ਗੁਰੂ ਸਚੇ ਪਾਤਸ਼ਾਹ ਨੇ ਗੁਰਮਤਿ ਦਾ ਮੰਡਨ ਤੇ ਆਨਮਤਿ ਦਾ ਖੰਡਨ ਕੀਤਾ ਹੈ । ਆਨਮਤਾਂ ਦੇ ਤੀਰਥਾਂ ਉਤੇ ਨਹਾਉਣਾ ਤੇ ਉਥੇ ਹੀ ਨਹਾ ਕੇ ਪੁੰਨ ਦਾਨ ਕਿਰਿਆ ਆਦਿਕ ਕਰਨੀ ਪਰਾਨ ਦਾਨ ਕਰਨ ਤਾਂਈ ਭੀ ਫੋਕਟ ਦਇਆ ਕੀਤੀ ਹੋਈ ਦਾਨੀਆਂ ਦੀ ਬਿਅਰਥ ਜਾਂਦੀ ਹੈ । ਓਹਨਾਂ ਹੀ ਤੀਰਥਾਂ ਤੇ ਏਸ ਪਰਕਾਰ ਦੇ ਅਨੇਕ ਸੰਜਮੀ ਅਡੰਬਰ ਕੀਤੇ ਹੋਏ ਭੀ ਕਿਸੇ ਲੇਖੇ ਨਹੀਂ । ਆਨਮਤੀ ਪੁਸਤਕਾਂ ਦੇ ਨੇਮ ਧਰਮੀ ਅਨੇਕਾਂ ਹੀ ਵਿਸ਼ੇਸ਼ ਤੋਂ ਵਿਸ਼ੇਸ਼ ਉਪਾਉ ਕੀਤੇ ਹੋਏ ਕਿਸੇ ਕੰਮ ਨਹੀਂ ਆਉਂਦੇ । ਗੁਰੂ ਸਚੇ ਪਾਤਸ਼ਾਹ ਫੁਰਮਾਉਂਦੇ ਹਨ ਕਿ ਸਾਰੇ ਜ਼ਮੀਨ ਜਮਾਨ ਦੇ ਸਭ ਅਸਥਾਨਾਂ ਤੇ ਨਿਗਾਹ ਮਾਰਕੇ ਤੇ ਫਿਰਕੇ ਅਸੀਂ ਦੇਖ ਲਿਆ ਹੈ ਤਿਨ੍ਹਾਂ ਸਭਸ ਦੇਸ਼ਾਂ ਕੂੰਟਾਂ ਦੇ ਰਿਵਾਜਾਂ ਅਨੁਸਾਰ ਰਾਇਜ ਬੇਦ ਪੁਰਾਨ ਕਤੇਬ ਕੁਰਾਨ ਵਾਲੇ ਮਤ ਨਿਰੇ ਫੋਕਟ ਹੀ ਹਨ। ਰੰਚਕ ਭੀ ਅਸਰ ਪਜ਼ੀਰ ਨਹੀਂ । ਆਨਮਤ ਦਰਸੀ ਪਉਣ ਅਹਾਰੀਆਂ ਦੇ ਆਨਮਤ ਕਰਮ ਜਤੀਆਂ ਦੇ ਜਤ ਧਾਰ ਧਰਮ ਸਭ ਆਨਮਤੀ ਮਤਿ ਪਾਖੰਡ ਰਚੇ ਅਡੰਬਰ ਹੀ ਹਨ। ਐਸੇ ਹਜ਼ਾਰਾਂ ਅਡੰਬਰ ਆਨਮਤ ਪਾਖੰਡ ਕਿਰਿਆ ਦੇ ਕੀਤੇ ਹੋਏ ਅਸੀਂ ਗਹਿਰੀ ਵੀਚਾਰ ਦ੍ਰਿਸ਼ਟੀ ਨਾਲ ਪੇਖ ਪਰਖ ਲਏ ਹਨ ਪਰੰਤੂ ਸਭ ਫੋਕਟ ਹੀ ਨਿਕਲੇ ਹਨ । ਕਈ ਆਨਮਤੀ ਭੂਪਤ ਰਾਜੇ ਭੀ ਆਪਣੀਆਂ ਰਾਜਧਾਨੀਆਂ ਤੇ ਭੂਪਤਾਨੀਆਂ ਛਡਕੇ ਏਹਨਾਂ ਆਨਮਤ ਕਰਮ ਧਰਮੀ ਪਖੰਡਾਂ ਵਿਚ ਪਰਵਿਰਤ ਹੋਏ ਹਨ ਪਰੰਤੂ ਓਹਨਾਂ ਦਾ ਇਹ ਰਾਜ ਨਵਿਰਤੀ ਵਾਲਾ ਪਖਸ਼ ਭੀ ਕਿਸੇ ਲੇਖੇ ਨਹੀਂ ਪੈਂਦਾ । ਇਕ ਸਚੇ ਵਾਹਿਗੁਰੂ ਦੇ ਨਾਮ ਦੀ ਪਰੇਮ ਪ੍ਰੀਤੀ ਬਿਨਾਂ ਏਹਨਾਂ ਉਪਰ ਦਸੇ ਕਿਸੇ ਇਕ ਭੀ ਆਨਮਤੀ ਕਰਮ ਦੀ ਕੀਤੀ ਹੋਈ ਘਾਲ ਥਾਉਂ ਨਹੀਂ ਪੈਂਦੀ। ਏਸੇ ਪਰਕਾਰ ਹੀ ਕੇਵਲ ਗੁਰਮਤਿ ਦੀ ਅਨਿੰਨਤਾ ਵਿਲਖਣਤਾ ਦ੍ਰਿੜ ਕਰਾਉਣ ਲਈ ਅਤੇ ਅਨਿਕ ਪਰਕਾਰੀ ਅਨਮਤੀ ਅਡੰਬਰਾਂ ਨੂੰ ਖੰਡਣ ਕਰਨ ਲਈ ਸਚੇ ਪਾਤਸ਼ਾਹ ਗੁਰੂ ਦਸਮੇਸ਼ ਜੀ ਨੇ ਅਗਲੇਰੇ ਸੁਧਾ ਸਵਈਏ ਵਿਚ ਭੀ ਸੁਚਿਆਰ ਗੁਰਸਿਖਾਂ ਤਾਈਂ ਚੌਕਾਸਤਾ ਤੇ ਸਾਵਧਾਨਤਾ ਉਤੇ ਤੱਤ ਪਰ ਰਹਿਣ ਲਈ ਡੰਕੇ ਦੀ ਚੋਟ ਨਾਲ ਸਚਾ ਸੁਚਾ ਇਜ਼ਹਾਰ ਕੀਤਾ। ਇਸ ਵਿਸਥਾਰ ਵਿਚਿ ਬਹੁਤਾ ਸਾਨੂੰ ਪੈਣ ਦੀ ਲੋੜ ਨਹੀਂ ਵੰਨਗੀ ਮਾਤਰ ਪਿਛਲੇ ਚਾਰ ਸਵਈਆਂ ਦੀ ਵਿਆਖਿਆ ਹੀ ਬਥੇਰੀ ਹੈ। ਏਵਡ ਵਡੀਆਂ ਵਿਸਥਾਰ ਭਰੀਆਂ ਗੁਰੂ ਸਾਹਿਬਾਨ ਦੀਆਂ ਸਿਖਿਆਵਾਂ ਸੁਣ ਕੇ ਭੀ ਜੇ ਸਾਡੇ ਭੋਲੇ ਭਾਲੇ ਗੁਰਸਿਖ ਭਰਾਵਾਂ ਦੀਆਂ ਅਖੀਆਂ ਨ ਖੁਲਣ ਤੇ ਫੇਰ ਭੀ ਉਹਨਾਂ ਸੂਧੇ ਸਾਦੇ ਸਿਖਾਂ ਨੂੰ ਅਨਮਤੀ ਪਖੰਡੀ ਭੇਖ ਧਾਰੀ ਸਾਧੜੇ ਭੁਚਲਾਉਂਦੇ ਰਹਿਣ ਤਾਂ ਵਡੀ ਭਾਰੀ ਅਧੋਗਤੀ ਵਾਲੀ ਕਰੂਰ ਕਰਮੀ ਹੈ।

# ਤਿੰਨਾਂ ਗੁਣਾਂ ਦਾ ਹਿਤਕਾਰ

ਗਉੜੀ ਮਹਲਾ ੧ ॥

ਜਨਮਿ ਮਰੈ ਤਰੈਗੁਣ ਹਿਤਕਾਰ ।
ਚਾਰੇ ਬੇਦ ਕਥਹਿ ਆਕਾਰ ।
ਤੀਨਿ ਅਵਸਥਾ ਕਰਹਿ ਵਖਿਆਨ ।
ਤੁਰੀ ਆਵਸਥਾ ਸਤਿਗੁਰ ਤੇ ਹਰਿਜਾਨ ।੧।......
ਚਾਰਿ ਪਦਾਰਥ ਕਹੈ ਸਭੁ ਕੋਈ ।
ਸਿਮ੍ਰਿਤਿ ਸਾਸਤ੍ਰ ਪੰਡਿਤ ਮੁਖਿ ਸੋਈ ।
ਬਿਨੁ ਗੁਰ ਅਰਥ ਬੀਚਾਰ ਨ ਪਾਇਆ ।
ਮੁਕਤਿ ਪਦਾਰਥ ਭਗਤਿ ਹਰਿ ਪਾਇਆ ।

ਜੋ ਪੁਰਸ਼ ਮਾਇਕ ਤਿੰਨਾਂ ਗੁਣਾਂ ਦਾ ਹੀ ਹਿਤਕਾਰੀ ਹੈ ਮਮਤਾ ਮੋਹ ਧਾਰੀ ਹੈ ਉਸ ਦੇ ਸਿਰ ਉਤੇ ਜੰਮਣ ਮਰਨ ਦਾ ਸਿਲਸਿਲਾ ਖੜਾ ਹੀ ਰਹਿੰਦਾ ਹੈ । ਚਾਹੇ ਉਹ ਆਨਮਤੀ ਚੌਹਾਂ ਵੇਦਾਂ ਨੂੰ ਘੋਖ ਘੋਖ ਕੇ ਵਡੇ ਵਡੇ ਵਿਦਿਆਧਾਰੀ ਬਣ ਬੈਠਣ ਫੇਰ ਭੀ ਉਹਨਾਂ ਦਾ ਬਣਦਾ ਕੁਛ ਨਹੀਂ ਕਿਉਂਕਿ ਚਾਰੇ ਵੇਦ ਦ੍ਰਿਸ਼ਟਮਾਨ ਆਕਾਰ ਦਾ ਹੀ ਕਥਨ ਕਰਦੇ ਹਨ। ਨਿਰੰਕਾਰੀ ਗਿਆਨ ਜਾਨਾਉਣ ਦਾ ਚੌਹਾਂ ਹੀ ਵੇਦਾਂ ਅੰਦਰਿ ਮੁਸ਼ਕ ਮਾਤਰ ਭੀ ਕੋਈ ਬਿਆਨ ਨਹੀਂ । ਬਸ, ਨਿਰਾ ਤਿੰਨਾਂ ਗੁਣਾਂ ਦਾ ਵਿਸਥਾਰ ਹੀ ਵੇਦਾਂ ਅੰਦਰ ਭਰਿਆ ਪਿਆ ਹੈ । ਉਹ ਤਿਨਾਂ ਗੁਣਾਂ ਦੀ ਮਾਇਕ ਅਵਸਥਾ ਵਾਲਾ ਹੀ ਉਪਦੇਸ਼ ਵਖਿਆਨ ਕਰਦੇ ਹਨ । ਚੁਉਥੇ ਪਦ ਵਾਲਾ ਤੁਰੀਆ ਅਵਸਥਾ ਦਾ ਵੇਦਾਂ ਨੂੰ ਕੁਛ ਥੋਹ ਪਤਾ ਹੀ ਨਹੀਂ ,


www.AKJ.Org

(ਏਸੇ ਕਰਕੇ) ਤੁਰੀਆ ਅਵਸਥਾ ਦਾ ਵੇਦਾਂ ਵਿਚ ਜ਼ਿਕਰ ਹੀ ਨਹੀਂ ਆਉਂਦਾ। ਇਹ ਤੁਰੀਆ ਅਵਸਥਾ ਤਾਂ ਕੇਵਲ ਸਤਿਗੁਰ ਤੇ ਹੀ ਜਾਣੀ ਜਾਂਦੀ ਹੈ। ਵਾਹਿਗੁਰੂ ਦਾ ਆਤਮ ਤਤ ਗਿਆਨ ਸਤਿਗੁਰੂ ਪਾਸੋਂ ਹੀ ਲਭਦਾ ਹੈ। ਬਸ, ਏਹਨਾਂ ਵੇਦਾਂ ਅੰਦਰਿ ਤਾਂ ਠਣ ਠਣ ਗੁਪਾਲ ਹੀ ਹੈ! ਤਰੈਗੁਣੀ ਚਾਰ ਪਦਾਰਥ ਵੇਦਾਂ ਸਿਮ੍ਰਿਤੀਆਂ ਸ਼ਾਸਤ੍ਰਾਂ ਦਾ ਹਰੇਕ ਪੰਡਿਤ ਚੁੰਚ ਗਿਆਨ ਪਿਆ ਕਰਦਾ ਫਿਰਦਾ ਹੈ ਪਰੰਤੂ ਏਹਨਾਂ ਸਿਮ੍ਰਤੀਆਂ ਸ਼ਾਸਤਰਾਂ ਦੇ ਘੋਖਣ ਕਰਕੇ ਘੋਖਣਹਾਰੇ ਪੰਡਿਤਾਂ ਨੂੰ ਲਭਦਾ ਕੁਛ ਨਹੀਂ। ਸਚੇ ਪਰਮਾਰਥੀ ਅਰਥ ਵੀਚਾਰ ਵਾਲਾ ਗਿਆਨ ਸਤਿਗੁਰੂ ਬਿਨਾਂ ਕਿਸੇ ਤੋਂ ਨਹੀਂ ਪਾਇਆ ਜਾਂਦਾ। ਕੇਵਲ ਵਾਹਿਗੁਰੂ ਦੀ ਭਗਤੀ ਕਰਕੇ ਹੀ ਮੁਕਤਿ ਪਦਾਰਥੁ ਮਿਲਦਾ ਹੈ ਐਵੇਂ ਨਹੀਂ ਮਿਲਦਾ। ਚਾਹੇ ਵੇਦ ਪੁਰਾਨ ਸਿਮ੍ਰਿਤ ਦੇ ਬਕਤੇ ਪੰਡਿਤ ਕਿਤਨੀ ਭੀ ਝਾਖ ਝਖਾ ਲੈਣ ਤੇ ਝਖ ਮਾਰ ਲੈਣ।

# ਗੁਰਮਤਿ ਜੋਗ ਤੇ ਹਠ ਜੋਗ

ਗਉੜੀ ਚੇਤੀ ਮਹਲਾ ੧॥

ਮੁੰਦ੍ਰਾ ਤੇ ਘਟ ਭੀਤਰਿ ਮੁੰਦ੍ਰਾ ਕਾਂਇਆ ਕੀਜੈ ਖਿੰਥਾਤਾ।
ਪੰਚ ਚੇਲੇ ਵਸਿ ਕੀਜਹਿ ਰਾਵਲ ਇਹੁ ਮਨੁ ਕੀਜੈ ਡੰਡਾਤਾ।
ਜੋਗ ਜੁਗਤਿ ਇਵ ਪਾਵਸਿਤਾ।
ਏਕੁ ਸਬਦੁ ਦੂਜਾ ਹੋਰੁ ਨਾਸਤਿ
ਕੰਦ ਮੂਲਿ ਮਨੁ ਲਾਵਸਿਤਾ ॥੧॥ ਰਹਾਉ॥
ਮੂੰਡੁ ਮੁੰਡਾਇਐ ਜੇ ਗੁਰੁ ਪਾਈਐ ਹਮ ਗੁਰੁ ਕੀਨੀ ਗੰਗਾਤਾ।
ਤ੍ਰਿਭਵਣ ਤਾਰਣਹਾਰੁ ਸੁਆਮੀ ਏਕੁ ਨ ਚੇਤਸਿ ਅੰਧਾਤਾ॥੨॥
ਕਰਿ ਪਟੰਬੁ ਗਲੀ ਮਨੁ ਲਾਵਸਿ ਸੰਸਾ ਮੂਲਿ ਨ ਜਾਵਸਿਤਾ।
ਏਕਸੁ ਚਰਣੀ ਜੇ ਚਿਤੁ ਲਾਵਹਿ ਲਬਿ ਲੋਭਿ ਕੀ ਧਾਵਸਿਤਾ॥੩॥
ਜਪਸਿ ਨਿਰੰਜਨੁ ਰਚਸਿ ਮਨਾ।
ਕਾਹੇ ਬੋਲਹਿ ਜੋਗੀ ਕਪਟੁ ਘਨਾ॥੧॥ਰਹਾਉ।
ਕਾਇਆ ਕਮਲੀ ਹੰਸੁ ਇਆਣਾ ਮੇਰੀ ਮੇਰੀ ਕਰਤ ਬਿਹਾਣੀਤਾ।
ਪ੍ਰਣਵਤਿ ਨਾਨਕ ਨਾਗੀ ਦਾਝੈ
ਫਿਰਿ ਪਾਛੈ ਪਛੁਤਾਣੀਤਾ ॥੪॥੩॥੧੫॥

ਇਸ ਗੁਰਵਾਕ ਦੁਆਰਾ ਗੁਰੂ ਸਾਹਿਬ ਨੇ ਜੋਗੀਆਂ ਦੇ ਮਤ ਨੂੰ ਖੂਬ ਖੰਡਨ ਕੀਤਾ ਹੈ ਜੋਗੀਆਂ ਦੀਆਂ ਖਾਸ ਖਾਸ ਪਖੰਡ ਕ੍ਰਿਆਵਾਂ ਨੂੰ ਬਣਾ ਬਣਾ ਕੇ ਸੋਧਿਆ ਹੈ। ਜੋਗੀਆਂ ਦੇ ਪਾਖੰਡ ਚਿਨ੍ਹਾਂ ਖਿੰਥਾ ਮੁੰਦਰਾਵਾਂ, ਜੁਗਤਿ ਡੰਡਾ ਆਦਿਕ ਮੁਖ ਚਿਨ੍ਹਾਂ ਨੂੰ ਖੂਬ ਧਰਕੇ ਦਬੱਲਿਆ ਹੈ। ਜੋਗੀਆਂ ਦੇ ਚੇਲੇ ਮੁੰਨਣ ਦੀਆਂ ਕੁਰੀਤੀਆਂ ਤੇ ਕੰਦ ਮੂਲ ਖਾਣ ਦੀਆਂ ਅਨੀਤੀਆਂ ਮੂੰਹ ਮੁੰਡਾਉਣ ਦੀਆਂ ਨਿਤਾਪ੍ਰਤਿ ਦੀਆਂ ਕੁਧੱਤਾਂ ਟੋਲੀਆਂ ਬੰਨ੍ਹਕੇ ਜੋਗੀਆਂ ਦੀਆਂ ਗੰਗਾ ਜਾਣ ਦੀਆਂ ਫੇਰੀਆਂ ਨੂੰ ਭਲੀ ਬਿਧਿ ਖੰਡ ਕੇ ਇਸ ਦੇ ਮੁਕਾਬਲੇ ਵਿਚ ਗੁਰਮਤਿ ਦੀਆਂ ਸਹਿਜ ਸੁਖੈਨ ਰੀਤਾਂ ਸੁਰੀਤਾਂ ਨੂੰ ਖੂਬ ਦਰਸਾਇਆ ਹੈ। ਮੁੰਦਰਾਂ ਬਾਰੇ ਜੋਗੀ ਜੋ ਕੰਨਾਂ ਵਿਚ ਮੁੰਦਰਾਂ ਪਾ ਕੇ ਹੀ ਮੋਖਸ਼ ਦਸਦੇ ਹਨ ਇਸ ਪਾਖੰਡ ਕਿਰਿਆ ਨੂੰ ਨਿੰਦਤ ਜਾਣ ਕੇ ਗੰਦੀਆਂ ਵਾਸ਼ਨਾਵਾਂ ਨੂੰ ਬਿੰਨ੍ਹ ਕੇ ਹਿਰਦੇ ਵਿਚ ਮੁੰਦਰਾਂ ਪਾਉਣੀਆਂ ਅਸਲ ਮੁੰਦਰਾਂ ਦਸੀਆਂ ਹਨ ਤੇ ਸਰੀਰ ਨੂੰ ਨਾਸਵੰਤ ਸਮਝਕੇ ਖਫਣੀ ਖਿੰਥਾ ਦੇ ਪਾਖੰਡ ਚਿੰਨ ਦੇ ਥਾਉਂ ਸਦਾ ਹੀ ਸਿਰ ਤੇ ਸਵਾਰ ਮੌਤ ਰੂਪੀ ਖਫਣੀ ਨੂੰ ਪਹਿਰੀ ਰਖਣਾ ਸਚੀ ਗੁਰਮਤਿ ਰੂਪ ਖਿੰਥਾ ਹੰਢਾਉਣੀ ਦ੍ਰਿੜ੍ਹਾਇਆ ਹੈ। ਪੰਜਾਂ ਗਿਆਨ ਇੰਦ੍ਰਿਆਂ ਨੂੰ ਵਸ ਕਰਨਾ ਜੋਗੀ ਕੁਪੰਥ ਦੇ ਪੰਜ ਚੇਲੇ ਮੁੰਨਣ ਵਾਲੀ ਕੁਮਤ ਤੋਂ ਇਸੇ ਗੁਰਮਤਿ ਨੂੰ ਧਾਰਨਾ ਵਿਸ਼ੇਸ਼ ਦਸਿਆ ਹੈ। ਮਨ ਨੂੰ ਦ੍ਰਿੜ ਵਿਸ਼ਵਾਸ ਵਾਲਾ ਬਲਧਾਰੀ ਸਰਧਾਵੰਦ ਬਣਾਈ ਰਖਣ ਨੂੰ ਜੋਗੀਆਂ ਦੇ ਪਖੰਡ ਡੰਡੇ ਨਾਲੋਂ ਵਧੀਕ ਸ਼ਲਾਘਾਕਾਰ ਜਾਣਾਇਆ ਹੈ। ਉਪਰ ਦਸੇ ਅਨੁਸਾਰ ਹੀ ਜੋਗ ਕਮਾਉਣ ਦਾ ਤੇ ਸਚੇ ਜੋਗੀ ਬਣਨ ਦਾ ਸਾਰਾ ਤਰੀਕਾ ਜੋਗੀਆਂ ਦੀ ਪਖੰਡ ਜੁਗਤੀ ਨਾਲੋਂ ਵਧ ਕੇ ਅਧਿਕ ਖੁਸ਼ਪਸੰਦ ਗੁਰਮਤਿ ਦਾ ਤਰੀਕਾ ਜਾਣਾਇਆ ਹੈ। ਏਕ ਸ਼ਬਦ ਗੁਰਮਤਿ ਨਾਮ ਤੋਂ ਛੁਟ ਹੋਰ ਦੂਜੇ ਪਾਸੇ ਪਲਟਣ ਨੂੰ ਉਕਾ ਹੀ ਅਣਹੋਣਾ ਤਰੀਕਾ ਵਿਦਤਾਇਆ ਹੈ। ਇਕੋ ਅਕਾਲ ਪੁਰਖ ਵਾਹਿਗੁਰੂ ਹੈ ਉਸ ਤੋਂ ਛੁਟ ਹੋਰ ਦੂਜਾ ਸਭ ਕੁਝ ਨਾਸ਼ਤ ਹੈ ਇਸੇ ਗਲ ਵਿਖੇ ਮਨ ਨੂੰ ਦ੍ਰਿੜ ਨਿਸ਼ਚੇ ਕਰਕੇ ਲਾਉਣਾ ਹੀ ਕੰਦ ਮੂਲ ਨਾਲ ਮਨ ਨੂੰ ਪਰਚਾਉਣਾ ਹੈ। ਗੰਗਾ ਦੇ ਕਿਨਾਰੇ ਸਿਰ ਮੁਨਾਇਆ ਜੋ ਗੁਰੂ ਧਾਰਿਆ ਜੋਗੀਆਂ ਨੇ ਮੰਨਿਆ ਹੈ ਤਾਂ ਗੁਰਮਤਿ ਅਨੁਸਾਰ ਪਤਿਤ ਪਾਵਨ ਪਰਮ ਗੁਰੂ ਨੂੰ ਹੀ ਜੋਗੀਆਂ ਦੀ ਗੁਰੂ ਗੰਗਾ ਤੋਂ ਅਧਿਕ ਸਰੇਸ਼ਟ ਮੰਨਿਆ ਹੈ। ਇਸ ਵਿਧਿ ਸਚੀ ਜੋਗ ਜੁਗਤਿ ਦ੍ਰਿੜਾ ਕੇ ਗੁਰੂ ਸਾਹਿਬ ਨੇ ਅੰਧ ਮਤ ਮਤੀਸ਼ਰ ਜੋਗੀਆਂ ਦੇ ਜੋਗ ਡਮ ਉਤੇ ਅੰਧ ਵਿਸ਼ਵਾਸ਼ ਨੂੰ ਇਕੋ ਵਾਹਿਗੁਰੂ ਤ੍ਰਿਭਵਣ ਦੇ ਤਾਰਨਹਾਰ ਸੁਆਮੀ ਨੂੰ ਵਿਸ਼ੇਸ਼ ਕਰਕੇ ਚੇਤਨਾ ਸਿਮਰਨ ਖੂਬ ਬਿਨਮਾਇਆ ਹੈ। ਜੋਗੀ ਜਨ ਪਖੰਡ ਰੂਪੀ ਅਡੰਬਰ ਕਰਕੇ ਅਤੇ


www.AKJ.Org

ਮੀਜਣੀਆਂ ਗਲਾਂ ਬਣਾ ਬਣਾ ਕੇ ਲੋਕਾਂ ਦੇ ਮਨਾਂ ਨੂੰ ਭੁਚਲਾਉ ਦੇ ਹਨ ਅਤੇ ਇਸ ਬਿਧਿ ਆਮ ਲੁਕਾਈ ਦਾ ਸੰਸਾ ਮੂਲੋਂ ਹੀ ਨਹੀਂ ਜਾਂਦਾ ਜੇਕਰ ਉਹ ਇਕ ਵਾਹਿਗੁਰੂ ਦੇ ਚਰਨੀ ਆਪਣਾ ਚਿਤ ਲਾਈ ਰਖਣਾ ਤਾਂ ਲਬ ਲੋਭ ਦੀ ਕੀ ਤਾਕਤ ਹੈ ਕਿ ਉਸ ਨੂੰ ਬਹਿਕਾਈ ਫਿਰੇ ਲਬ ਲੋਭ ਦੇ ਮਗਰ ਤਾਹੀਓਂ ਮਨ ਧਾਉ ਦਾ ਹੈ ਜੋ ਨਾਮ ਨੂੰ ਅੰਦਰਿ ਨਹੀਂ ਵਸਾਉਂਦਾ। ਮਨ ਦੇ ਸਭ ਸੰਕਲਪ ਦੂਰ ਕਰਕੇ ਇਕੋ ਨਿਰੰਜਨ ਵਾਹਿਗੁਰੂ ਨੂੰ ਦਿਨੇ ਰਾਤ ਜਪਿਆਂ ਹੀ ਸਚੇ ਜੋਗੀ ਬਣੀਦਾ ਹੈ। ਕਪਟੀ ਜੋਗੀ ਬਣਨ ਵਿਚ ਤਾਂ ਬਹੁਤਾ ਕਪਟ ਪਖੰਡ ਬਣਾਉਣ ਜਾਣਾਉਣ ਵਿਚ ਹਰਗਿਜ਼ ਕੋਈ ਜੋਗ ਸਾਧਨਾਂ ਵਾਲਾ ਲਛਣ ਨਹੀਂ। ਇਹ ਸਭ ਕਚ ਪਿਚਾ ਅਤੇ ਕੁਮੱਤੜ ਹੀ ਜੋਗ ਹੈ ਜੋਗੀ ਕਾਇਆਂ ਦੀ ਸਾਧਨਾਂ ਉਤੇ ਬੀ ਬਹੁਤਾ ਜ਼ੋਰ ਦਿੰਦੇ ਹਨ। ਕਾਇਆਂ ਸਾਧਨ ਵਿਚਿ ਹੀ ਸਾਰੀ ਉਮਰ ਉਹਨਾਂ ਦੀ ਬਿਹਾ ਜਾਂਦੀ ਹੈ ਇਹ ਕਾਇਆਂ ਤਾਂ ਮੁਢੋਂ ਇਆਣੇ ਜੀਵ ਦੇ ਮਗਰ ਲਗ ਕੇ ਝੱਲੀ ਹੋਈ ਫਿਰਦੀ ਹੈ। ਇਸ ਬਿਧਿ ਝਲੀ ਕਾਇਆਂ ਨੂੰ ਅਤੇ ਬਾਲਕ ਇਆਣੇ ਜੀਵ ਨੂੰ ਅਪਨਾਉਣ ਦਾ ਜਫਾ ਮਾਰਕੇ ਜੋਗੀ ਜਨ ਮੇਰੀ ਮੇਰੀ ਕਰਦੇ ਹੋਏ ਹੀ ਸਾਰੀ ਆਯੂ ਹੰਢਦੇ ਫਿਰਦੇ ਹਨ ਗੁਰੂ ਨਾਨਕ ਸਾਹਿਬ ਜੋਗੀਆਂ ਨੂੰ ਸੁਮੱਤ ਬਖਸ਼ਦੇ ਹੋਏ ਇਉਂ ਉਚਾਰਦੇ ਹਨ ਕਿ ਦੇਹੀ ਨੂੰ ਦੁਖ ਦੇਣ ਵਿਚ 'ਬਰਮੀ ਮਾਰੀ ਸਾਪ ਨ ਮੂਆ' ਵਾਲਾ ਗੁਰਵਾਕ ਹੀ ਘਟਦਾ ਹੈ। ਦੇਹੀ ਨੂੰ ਨੰਗੀ ਰਖ ਕੇ ਐਂਵੇਂ ਸਾੜਦੇ ਫਿਰਦੇ ਹਨ ਜੋਗੀ ਜਨ। ਹਾੜ ਗਰਮੀ ਦੇ ਸਮੇਂ ਇਹ ਨੰਗੀ ਦੇਹੀ ਧੁਪ ਦੇ ਸੇਕ ਕਰਕੇ ਸੜਦੀ ਭੁਜ਼ਦੀ ਰਹਿੰਦੀ ਹੈ। ਸਿਆਲੇ ਸਮੇਂ ਸਰੀਰ ਤੇ ਸੁਆਹ ਮਲਕੇ ਆਪਣੇ ਜਾਣੇ ਸਰੀਰ ਨੂੰ ਠੰਢ ਤੋਂ ਬਚਾਉਂਦੇ ਹਨ ਪਰ ਬਚਦਾ ਕੁਛ ਨਹੀਂ। ਨਿਰੀ ਸਰੀਰਕ ਤਤਖਸ਼ਾ ਹੀ ਜੋਗੀਆਂ ਦੀ ਪਖੰਡ ਕਿਰਿਆ ਬਣੀ ਰਹਿੰਦੀ ਹੈ। ਇਸ ਸਾਰੇ ਪਾਖੰਡ ਦੇ ਕਾਰਨ ਜੋਗੀਆਂ ਪਖੰਡੀਆਂ ਨੂੰ ਫੇਰ ਪਿਛੋਂ ਪਛਤਾਉਣਾ ਹੀ ਲਗਦਾ ਹੈ ਤੇ ਪਛਤਾਉਂਦੇ ਹੀ ਮਰ ਜਾਂਦੇ ਹਨ ਅਤੇ ਕਿਸੇ ਨੇ ਭੀ ਹਾਲ ਪੁਕਾਰ ਨਹੀਂ ਸੁਨਣੀ। ਬਹੁਤੇ ਅਫਸੋਸ ਦੀ ਇਹ ਗਲ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜੋਗੀ ਜਨਾਂ ਦੇ ਮਤ ਨੂੰ ਮੁਢੋਂ ਹੀ ਭੁਲਾ ਹੋਇਆ ਆਨਮਤ ਦਸ ਕੇ ਬਥੇਰਾ ਹੀ ਸੋਧਿਆ ਪਰਬੋਧਿਆ ਹੈ। ਏਹਨਾਂ ਜੋਗੀਆਂ ਦੇ ਜਰਗੇ ਵਿਚੋਂ ਕਿਸੇ ਦੇ ਕੰਨ ਉਤੇ ਜੂੰ ਨਹੀਂ ਸਰਕਦੀ। ਲਗਭਗ ਸਾਰੇ ਦੇ ਸਾਰੇ ਹੀ ਗੁਰੂ ਨਾਨਕ ਸਾਹਿਬ ਦੀ ਦਰਸਾਈ ਹੋਈ ਸਚੀ ਗੁਰਮਤਿ ਤੋਂ ਵਾਂਝੇ ਹੀ ਰਹੇ ਹਨ ਇਹ ਉਹਨਾਂ ਦੀ ਕਰਮਹੀਣਤਾ ਹੈ। ਕੋਈ ਕੋਈ ਕਰਮਵੰਤਾ ਵਡਭਾਗੀ ਜੋਗੀ ਜਨ (ਜਿਸ ਉਪਰ ਗੁਰੂ ਸਾਹਿਬ ਦੀ ਪੁਜ ਕੇ ਦਿਆ ਦ੍ਰਿਸ਼ਟੀ ਹੋਈ ਹੈ) ਗੁਰਮਤਿ ਦੇ ਸਚੇ ਸੁਚੇ ਰਸਤੇ ਤੇ ਆਉਂਦਾ ਹੈ ਨਹੀਂ ਤਾਂ ਸਭੋ ਹੀ ਆਨਮਤ ਭਰਿਆ ਕੁਫਰ ਕੁਢੰਗ ਹੀ ਸਹੇੜੀ ਫਿਰਦੇ ਹਨ। ਬਹੁਤੀ ਅਧੋਗਤੀ ਓਹਨਾਂ ਆਨਮਤੀ ਲੋਕਾਂ ਦੀ ਹੈ ਜੋ ਇਸ ਪਖੰਡੀ ਟੋਲੇ ਉਤੇ ਭਰਮ ਕੇ ਜੋਗੀਆਂ ਦੇ ਅਨਸਾਰੀ ਬਣਦੇ ਹਨ ਤੇ ਆਪਣਾ ਸਾਰਾ ਜਨਮ ਅਕਾਰਥ ਹੀ ਖੋ ਲੈਂਦੇ ਹਨ। ਕਿਉਂਕਿ ਪਖੰਡ ਧਰਮੀਆਂ ਤੇ ਪੋਪ ਕਰਮੀਆਂ ਦੇ ਪਿਛੇ ਲਗ ਕੇ ਉਹਨਾਂ ਦੇ ਪਲੇ ਕੁਛ ਨਹੀਂ ਪੈਂਦਾ। ਗੁਰਮਤਿ ਤੇ ਚਲਣ ਹਾਰ ਗੁਰਸਿਖਾਂ ਨੂੰ ਦ੍ਰਿੜ ਕਰਕੇ ਇਹ ਨਿਸ਼ਚੇ ਰੂਪੀ ਗੱਠ ਬੰਨ੍ਹ ਲੈਣੀ ਚਾਹੀਦੀ ਹੈ ਕਿ ਇਹ ਭੇਖਧਾਰੀ ਡਿੰਭੀ ਜੋਗੀ ਜੇ ਅਪਣੇ ਆਪ ਨੂੰ ਰੱਬ ਕਰਕੇ ਭੀ ਜਣਾਉਣ ਤਾਂ ਭੀ ਏਹਨਾਂ ਤੇ ਕਦਾਚਿਤ ਇਤਬਾਰ ਨਹੀਂ ਕਰਨਾ ਅਤੇ ਏਹਨਾਂ ਦੇ ਰਾਹੇ ਰਾਹੇ ਕੁਰਾਹੇ ਕੁਮਾਰਗ ਉਤੇ ਸੁਪਨੇ ਵਿਚਿ ਭੀ ਨਹੀਂ ਚਲਣਾ। ਏਹਨਾਂ ਭੇਖਧਾਰੀਆਂ ਨੂੰ ਸੱਚਾ ਸਾਧੂ ਸਮਝ ਲੈਣਾਂ ਮਹਾਂ ਪਾਪ ਹੈ। ਏਹ ਸਭ ਡਿੰਭਧਾਰੀ ਪਾਖੰਡੀ ਸਾਧ ਹਨ।

—o—

# ਲੋੜ ਹੈ

ਸ੍ਰੀ ਗੁਰੂ ਸਿੰਘ ਸਭਾ ਗੁਰਦਵਾਰਾ ਮਥਰਾ ਲਈ ਇਕ ਯੋਗ ਅਨਭਵੀ ਰਹਿਤਵਾਨ ਈਮਾਨਦਾਰ ਮਧੁਰ ਭਾਸ਼ੀ ਵਿਵਹਾਰ ਕੁਸ਼ਲ ਗਰੰਥੀ ਸਿੰਘ ਦੀ ਲੋੜ ਹੈ ਜੋ ਕੀਰਤਨ ਕਰ ਸਕਦਾ ਹੋਵੇ ਅਖੰਡ ਪਾਠੀ ਹੋਵੇ ਅਤੇ ਦਰਸ਼ਨੀ ਸਿੰਘ ਹੋਵੇ ਤਨਖਾਹ ਯੋਗਤਾ ਅਨੁਸਾਰ ਦਿਤੀ ਜਾਵੇਗੀ ਮਕਾਨ ਬਿਜਲੀ ਪਾਨੀ ਆਦਿ ਸਭ ਫਿਰੀ ਗੁਰਦਵਾਰਾ ਸਾਹਿਬ ਵਲੋਂ ਪ੍ਰਾਪਤ ਹੋਣਗੇ ਔਰ ਜੇ ਕੋਈ ਪੂਰਾ ਜਥਾ ਜੋ ਗਰੰਥੀ ਦੀ ਸੇਵਾ ਭੀ ਨਿਭਾ ਲਵੇ ਅਤੇ ਕੀਰਤਨ ਜੋੜੀ ਆਦਿ ਸਭ ਪ੍ਰਬੰਧ ਉਹਨਾਂ ਦਾ ਹੋਵੇ ਤਾਂ ਹੋਰ ਭੀ ਉਤਮ ਹੋਵੇਗਾ ਇਛਾ ਵਾਨ ਸਜਨ ਸਾਡੇ ਨਾਲ ਪਤਾ ਵਿਵਹਾਰ ਕਰ ਲੈਣ।

ਦਾਸ:—ਸੁੰਦਰ ਸਿੰਘ ਸੀ. ਵੀ. ਪ੍ਰਧਾਨ ਸ੍ਰੀ ਗੁਰੂ ਸਿੰਘ ਸਭਾ ਮਥਰਾ।


www.AKJ.org

# ਕਬੀਰ ਜੀ ਦਾ ਜੰਮ ਪਲ

(ਭਾਈ ਅਮ੍ਰੀਕ ਸਿੰਘ ਜੀ ਬੀ. ਏ. ਬੜੋਦਾ)

[ਇਹ ਜ਼ਰੂਰੀ ਨਹੀਂ ਕਿ ਐਡੀਟਰ ਦੇ ਵਿਚਾਰ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣ, ਇਹ ਲੇਖਕ ਦੇ ਆਪਣੇ ਨਿੱਜੀ ਵਿਚਾਰ ਹਨ, ਜੋ ਪਾਠਕਾਂ ਦੀ ਗਿਆਤ ਲਈ ਛਾਪੇ ਜਾਂਦੇ ਹਨ–(ਐਡੀਟਰ)

## ਮੁਖਬੰਦ

ਭਗਤ ਬਾਣੀ ਪ੍ਰਥਾਏ ਲੋਕਾਂ ਵਿਚ ਇਤਨੀ ਗਲਤਫਹਿਮੀ ਫੈਲੀ ਹੋਈ ਹੈ ਕਿ ਕਿਸੇ ਵੀ ਸ਼ਬਦ ਦੇ ਅਰਥ ਠੀਕ ਕਢਣ ਦੀ ਲੋਕਾਂ ਨੂੰ ਜਿਵੇਂ ਫੁਰਦੀ ਹੀ ਨਹੀਂ । ਸਾਡੇ ਪਰਚਾਰਕ ਮਨਘੜਤ ਸਾਖੀਆਂ ਜੋੜ ਕੇ ਅਜਿਹੇ ਅਰਥ ਸੰਗਤ ਦੇ ਭੇਟ ਕਰਦੇ ਹਨ ਕਿ ਭੁਲੇਖੇ ਹੋਰ ਵੀ ਵਧਦੇ ਜਾਂਦੇ ਹਨ। ਛੇ ਕੁ ਮਹੀਨੇ ਪਹਿਲੇ ਇਕ ਲੇਖ ਕਬੀਰ ਸਾਹਿਬ ਜੀ ਦੇ ਧਰਮ ਬਾਰੇ ਪੜ੍ਹਨ ਵਿਚ ਆਇਆ ਸੀ ਜੋ ਕਿ ਦਲੀਲ ਦੀ ਕਸਵੱਟੀ ਉਤੇ ਪੂਰਾ ਨਹੀਂ ਸੀ ਉਤਰਦਾ । ਅਰਥ ਉਸ ਲੇਖ ਵਿਚ ਪੜ੍ਹ ਕੇ ਮਨ ਬਹੁਤ ਹੀ ਦੁਖੀ ਹੋਇਆ। ਇਸ ਤੋਂ ਵਧੇਰੇ ਖੋਜ ਦੀ ਲੋੜ ਮਹਿਸੂਸ ਹੋਈ। ਪਿਛੇ ਜਹੇ ਇਕ ਚੰਗੇ ਪੜ੍ਹੇ ਲਿਖੇ ਪੁਰਸ਼ ਜੀ ਨਾਲ ਭੇਟ ਹੋਈ। ਉਹਨਾਂ ਨੇ ਵੀ ਇਹੀ ਦਸਿਆ ਕਿ ਕਬੀਰ ਜੀ ਮੁਸਲਮਾਨ ਸਨ। ਕਿੰਤੂ ਕਰਨ ਤੇ ਉਨ੍ਹਾਂ ਨੇ ਸ੍ਰੀ ਕਬੀਰ ਜੀਉ ਦੇ ਕੁਝ ਸ਼ਬਦ ਸੁਣਾ ਕੇ ਇਹੀ ਸਬੂਤ ਦਿਤਾ ਕਿ ਚੂੰਕਿ ਕਬੀਰ ਜੀ ਜੁਲਾਹੇ ਸਨ ਇਸ ਲਈ ਮੁਸਲਮਾਨ ਸਨ । ਇਸ ਨਾਲ ਇਸ ਖਰੜੇ ਨੂੰ ਛੇਤੀ ਹੀ ਪਾਠਕਾਂ ਅਗੇ ਪੇਸ਼ ਕਰਨ ਦੀ ਪ੍ਰੇਰਨਾ ਹੋਈ।

ਕਿਸੇ ਵੀ ਮਹਾਂ ਪੁਰਸ਼ ਦੇ ਜੀਵਨ ਨੂੰ ਸਮਝਣ ਲਈ ਸਭ ਤੋਂ ਵਧ ਸਹਾਇਤਾ ਉਹਨਾਂ ਦੀ ਨਿੱਜੀ ਬਾਣੀ ਤੋਂ ਮਿਲਦੀ ਹੈ। ਇਸ ਲਈ ਉਹਨਾਂ ਦੀ ਬਾਣੀ ਦੇ ਸਹੀ ਅਰਥ ਸਮਝਣੇ ਵੀ ਬਹੁਤ ਲਾਜ਼ਮੀ ਹੁੰਦੇ ਹਨ। ਮਨੋ ਕਲਪਤ ਵਿਚਾਰਾਂ ਦੀ ਥਾਂ ਦਲੀਲ ਨੂੰ ਅਗੇ ਰਖਣਾ ਵੀ ਦੂਜੀ ਲਾਜ਼ਮੀ ਸ਼ਰਤ ਹੈ। ਇਸ ਦਲੀਲ ਭਰਪੂਰ ਲੇਖ ਨੂੰ ਸਮਝਣ ਲਈ ਬਹੁਤ ਸਾਰੀਆਂ ਮੁਢਲੀਆਂ ਸਚਾਈਆਂ ਨੂੰ ਜੋ ਕਿ ਥਾਂ ਥਾਂ ਤੇ ਵਰਤੀਆਂ ਗਈਆਂ ਹਨ। ਲੇਖ ਦੇ ਅਰੰਭ ਵਿਚ ਸੰਗ੍ਰਹਿ ਕਰ ਦਿਤਾ ਹੈ ਤਾਕਿ ਪਾਠਕਾਂ ਨੂੰ ਦਲੀਲਾਂ ਸੁਖੈਨ ਸਮਝ ਆ ਜਾਣ। ਪਾਠਕ ਇਹਨਾਂ ਨੂੰ ਖਾਸ ਗਹੁ ਨਾਲ ਪੜ੍ਹਨ ਤੇ ਚੇਤੇ ਰਖਣ।

## ਮੁਢਲੀਆਂ ਸਚਾਈਆਂ

ਜਿਨ੍ਹਾਂ ਮਹਾਂਪੁਰਸ਼ਾਂ ਨੂੰ ਦਿਬ ਦ੍ਰਿਸ਼ਟੀ ਹੋ ਜਾਏ ਉਹਨਾਂ ਲਈ ਸਭ ਧਰਮ ਇਕੋ ਹੀ ਰੱਬ ਦੀ ਰਚਨਾ ਜਾਪਦੇ ਹਨ, ਤੇ ਉਹ ਉਪਦੇਸ਼ ਵੀ ਸਭ ਨੂੰ ਸਾਂਝਾ ਹੀ ਦੇਂਦੇ ਨੇ।


www.AKJ.org

ਅਜਿਹੇ ਮਹਾਂ ਪੁਰਸ਼ਾਂ ਦੇ ਪਿਛੋਕੜ ਧਰਮ ਦਾ ਪਤਾ ਲਗਾਣ ਦੀ ਖਾਹਿਸ਼ ਆਮ ਬੰਦਿਆਂ ਵਿਚ ਭਾਵੇਂ ਘਟ ਹੋਵੇ ਪਰ ਜ਼ਰੂਰੀ ਬਹੁਤ ਹੈ ਕਿਉਂਕਿ ਜਦੋਂ ਕਿਸੇ ਵੀ ਪੁਰਸ਼ ਦੀ ਬਾਣੀ ਨੂੰ ਵਿਚਾਰਨਾ ਹੋਵੇ ਤਾਂ ਸਹੀ ਹਾਵ ਭਾਵ ਸਮਝਣ ਵਿਚ ਪਿਛੋਕੜ ਦੀ ਇਹ ਜਾਣ ਪਛਾਣ ਬਹੁਤ ਹੀ ਸਹਾਈ ਹੁੰਦੀ ਏ।

ਮਹਾਂਪੁਰਖ ਅਪਣਾ ਆਪ ਲੁਕਾ ਕੇ ਨਹੀਂ ਰਖਦੇ ਤੇ ਇਸ ਕਰਕੇ ਇਹ ਪਿਛੋਕੜ ਵੀ ਉਹਨਾਂ ਦੀ ਹੀ ਬਾਣੀ ਵਿਚੋਂ ਦਿਖ ਜਾਂਦੀ ਏ।

ਇਹ ਪਿਛੋਕੜ ਸਰੀਰਕ ਹੋਂਦ ਦੇ ਸਮੇਂ ਦੇ ਵਾਤਾਵਰਣ ਨਾਲ ਕਾਫ਼ੀ ਸਬੰਧਤ ਹੁੰਦੀ ਹੈ।

ਹਿੰਦੂ ਧਰਮ ਚਾਰ ਸ਼ਰੇਣੀਆਂ ਵਿਚ ਵੰਡਿਆ ਹੋਇਆ ਹੈ—ਬ੍ਰਾਹਮਣ, ਖਤਰੀ, ਵੈਸ਼ ਤੇ ਸ਼ੂਦਰ। ਬ੍ਰਹਮਣ ਸਭ ਤੋਂ ਉਤਮ ਤੇ ਪੜ੍ਹੀ ਲਿਖੀ, ਵਿਦਿਆ ਪੜ੍ਹਨ ਤੇ ਪੜ੍ਹਾਣ ਤੇ ਭਗਤੀ ਕਰਨ ਦਾ ਹੱਕ ਰਖਣ ਵਾਲੀ ਸ਼੍ਰੇਣੀ ਹੈ।

ਸ਼ੂਦਰ ਸਭ ਤੋਂ ਨੀਵੀਂ ਜਾਤੀ ਹੈ ਤੇ ਇਸ ਵਿਚ "ਕੰਮੀ ਕਮੀਣ" ਸਭ ਸ਼ਾਮਲ ਹਨ ਜਿਹਾ ਕਿ ਨਾਈ, ਮੋਚੀ, ਧੋਬੀ, ਝੀਵਰ, ਛੀਂਬੇ, ਜੁਲਾਹੇ, ਪੇਂਜੇ, ਚੂਹੜੇ, ਚੁਮਾਰ ਆਦਿ। ਇਸ ਜਾਤੀ ਨੂੰ ਸ਼ਾਸਤਰਾਂ ਅਨੁਸਾਰ ਵਿਦਿਆ ਪੜ੍ਹਨੀ ਤੇ ਭਗਤੀ ਕਰਨੀ ਮਨ੍ਹਾਂ ਹੈ। ਇਹਨਾਂ ਨੂੰ ਅਛੂਤ ਕਿਹਾ ਜਾਂਦਾ ਸੀ ਤੇ ਮੰਦਰ ਆਦਿ ਵਿਚ ਵੜਨ ਦੀ ਆਗਿਆ ਨਹੀਂ ਸੀ।

ਮੁਸਲਮਾਨਾਂ ਵਿਚ ਸ਼ੂਦਰ ਨਾਮ ਦੀ ਕੋਈ ਸ਼੍ਰੇਣੀ ਨਹੀਂ। ਉਹਨਾਂ ਵਿਚ (ਬਲਕਿ ਦੁਨੀਆਂ ਦੇ ਕਿਸੇ ਵੀ ਹੋਰ ਧਰਮ ਵਿਚ) ਕੰਮ ਕਾਰ ਦੇ ਲਿਹਾਜ਼ ਤੋਂ ਫ਼ਿਰਕੇ ਨਹੀਂ ਬਣੇ ਹੋਏ। ਵਿਸ਼ਵਾਸ਼ ਦੇ ਆਧਾਰ ਤੇ ਹਨ, ਜਿਵੇਂ ਕਿ ਸ਼ਈਆਂ, ਸੂਫ਼ੀ, ਕਾਦਿਆਨੀ, ਸੁਨੀ ਆਦਿ।

ਹਿੰਦੂ ਧਰਮ ਤੋਂ ਬਾਹਰ ਦੇ ਲੋਕਾਂ ਨੂੰ (ਭਾਵ ਹੋਰ ਕਿਸੇ ਵੀ ਧਰਮ ਦੇ ਬੰਦੇ ਨੂੰ) ਸ਼ੂਦਰ ਜਾਂ ਹੋਰ ਕਿਸੇ ਵੀ ਸ਼੍ਰੇਣੀ ਵਿਚ ਨਹੀਂ ਮੰਨਿਆ ਜਾਂ ਆਖਿਆ ਜਾਂਦਾ। ਇਹ ਜਾਤੀਆਂ ਕੇਵਲ ਹਿੰਦੂਆਂ ਤੇ ਲਾਗੂ ਹਨ। ਹਿੰਦੂ ਲੋਕ ਆਨਮਤੀਆਂ ਨੂੰ ਮਲੇਛ ਕਹਿਕੇ ਪੁਕਾਰਦੇ ਸਨ ਤੇ ਮੁਸਲਮਾਨ, ਹਿੰਦੂ ਲੋਕਾਂ ਨੂੰ ਕਾਫ਼ਰ ਕਹਿ ਕੇ।

ਕਬੀਰ ਸਾਹਿਬ ਦਾ ਜਨਮ, ਮੈਕਾਲਫ਼ ਅਨੁਸਾਰ 1398 ਈਸਵੀ ਦਾ ਸੀ ਤੇ ਦੇਹਾਂਤ 1518 ਦਾ। ਵਧੇਰੇ ਖੋਜ ਇਹ ਦਸਦੀ ਹੈ ਕਿ ਆਪ ਦਾ ਦੇਹਾਂਤ 1515 ਤੋਂ ਵੀ ਕੁਝ ਸਾਲ ਪਹਿਲੇ ਦਾ ਹੋ ਚੁਕਾ ਸੀ।

ਭਾਰਤ ਵਿਚ ਮੁਸਲਮਾਨਾਂ ਵਲੋਂ ਹਮਲੇ ਤਾਂ ਭਾਵੇਂ 997 ਈ: ਤੋਂ ਸ਼ੁਰੂ ਹੋ ਗਏ ਸਨ, ਪਰ ਉਹਨਾਂ ਦਾ ਰਾਜ ਅਸਲੀਅਤ ਵਿਚ 1192 ਈ: ਤੋਂ ਸਥਾਪਤ ਹੋਇਆ ਸੀ। ਵਖ ਵਖ ਘਰਾਣੇ ਰਾਜ ਕਰਦੇ ਆਏ। ਕਬੀਰ ਸਾਹਿਬ ਦੇ ਸਮੇਂ ਪਠਾਣਾਂ ਦਾ ਰਾਜ ਸੀ। ਮੁਗ਼ਲਾਂ ਨੇ ਪਠਾਣਾਂ ਪਾਸੋਂ 1524 ਤੇ 1526 ਵਿਚ ਜੰਗਾਂ ਲੜ ਕੇ ਰਾਜ ਖੋਹਿਆ ਸੀ। ਇਹੀ "ਬਾਬਰ ਵਾਣੀ' ਵਾਲਾ ਸਮਾਂ ਸੀ।

ਕੋਈ ਹਕੂਮਤ ਭਾਵੇਂ ਕਿਤਨਾ ਵੀ ਜਬਰ ਕਰ ਲਵੇ ਕਿਸੇ ਕਾਇਮ ਧਰਮ ਦਾ ਖੁਰਾ ਖੋਜ ਨਹੀਂ ਮਿਟਾ ਸਕੀ। ਈਸਾਈ ਮਤ ਦੇ ਆਰੰਭ ਤੋਂ ਯਹੂਦੀਆਂ ਨਾਲ ਜੋ ਬੀਤ ਰਹੀ ਹੈ, ਤੇ ਨਾਜ਼ੀਆਂ ਨੇ ਜੋ ਉਹਨਾਂ ਉਤੇ ਅਤਿਆਚਾਰ ਕੀਤੇ, ਪਾਠਕਾਂ ਨੂੰ ਪਤਾ ਹੀ ਹੋਣਗੇ—ਯਹੂਦੀ ਮੁਕ ਨਹੀਂ ਗਏ। ਇਸੇ ਤਰ੍ਹਾਂ ਸਿਖ ਧਰਮ ਨੂੰ ਵੀ ਖ਼ਤਮ ਕਰਨ ਦੇ ਮਨਸੂਬੇ


www.AKJ.Org

ਮੁਗ਼ਲੀਆ ਰਾਜ ਦੇ ਸੁਪਨੇ ਹੀ ਰਹਿ ਗਏ। ਮੁਸਲਮਾਨੀ ਰਾਜ ਤੋਂ ਪਹਿਲੋਂ ਸਾਰੇ ਭਾਰਤ ਦੇ ਜੁਲਾਹੇ ਹਿੰਦੂ ਹੀ ਸਨ। ਮੁਸਲਮਾਨੀ ਰਾਜ ਭਾਰਤ ਵਿਚ ਹੌਲੀ ਹੌਲੀ ਵਧਦਾ ਗਿਆ। ਇਸਲਾਮੀ ਦੇਸ਼ਾਂ ਵਿਚੋਂ ਬਹੁਤ ਮੁਸਲਮਾਨ ਭਾਰਤ ਵਿਚ ਆ ਕੇ ਵਸ ਗਏ। ਇਸਲਾਮ ਹਕੂਮਤ ਦੀ ਪੈਟਰਨੇਜ ਥਲੇ ਫੈਲਣ ਲਗ ਪਿਆ। ਹਿੰਦੂ ਰਜਵਾੜਿਆਂ ਵਿਚ ਜੁਲਾਹੇ ਫਿਰ ਵੀ ਹਿੰਦੂ ਹੀ ਰਹੇ–ਕਿਉਂਕਿ ਰਾਜਾ ਪਰਜਾ ਦੋਨੋਂ ਹਿੰਦੂ ਹੀ ਸਨ। ਇਸਲਾਮੀ ਰਾਜ ਵਿਚ ਕਨਵਰਸ਼ਨ ਜ਼ਰੂਰ ਸ਼ੁਰੂ ਸੀ, ਤੇ ਇਸ ਵਿਚ ਕੋਈ ਸ਼ਕ ਨਹੀਂ ਕਿ ਬਥੇਰੇ ਨੀਵੀਆਂ ਜਾਤਾਂ ਵਾਲੇ, ਬ੍ਰਹਮਣਾਂ ਦੀ ਧਕੇਸ਼ਾਹੀ ਤੇ ਗਰੀਬੀ ਤੋਂ ਤੰਗ ਆ ਕੇ, ਤੇ ਕੁਝ ਲਾਲਚ ਵਿਚ ਆਕੇ ਮੁਸਲਮਾਨ ਬਣੇ ਹੋਣਗੇ, ਪਰ ਇਤਨੀ ਜ਼ਬਰਦਸਤੀ ਨਹੀਂ ਸੀ ਕਿ ਕੋਈ ਬਚ ਹੀ ਨ ਸਕੇ। ਨਾਮਦੇਵ ਜੀ (ਛੀਂਬਾ-ਸ਼ੂਦਰ) ਨੂੰ ਕੋਈ ਮੁਸਲਮਾਨ ਨ ਬਣਾ ਸਕਿਆ। ਅਜਿਹੀਆਂ ਮਿਸਾਲਾਂ ਦੇ ਹੁੰਦਿਆਂ ਹੋਇਆਂ ਇਹ ਸਮਝ ਲੈਣਾ ਕਿ ਪਠਾਣਾਂ ਨੇ ਸਾਰੇ ਹੀ ਭਾਰਤ ਦੇ ਹਿੰਦੂ ਜੁਲਾਹੇ ਮੁਸਲਮਾਨ ਬਣਾ ਦਿਤੇ ਸਨ, ਠੀਕ ਨਹੀਂ, ਤੇ ਹਰ ਬਨਾਰਸੀ ਜੁਲਾਹੇ ਨੂੰ ਕੇਵਲ ਮੁਸਲਮਾਨ ਹੀ ਮਿਥ ਛਡਣਾ ਬੜੀ ਵਡੀ ਭੁਲ ਹੈ।

ਮੁਸਲਮਾਨਾਂ ਦੇ ਰਾਜ ਵਿਚ ਇਸਲਾਮ ਦੇ ਖਿਲਾਫ਼ ਕੋਈ ਗਲ ਵੀ ਕਹੇ ਤਾਂ ਉਸ ਨੂੰ ਫਤਵਾ ਲਗਦਾ ਸੀ। ਕਬੀਰ ਸਾਹਿਬ ਤੇ ਵੀ ਇਹ ਫਤਵਾ ਲਗਾ ਸੀ ਤੇ ਉਹਨਾਂ ਨੂੰ ਹਾਥੀ ਅਗੇ ਪੋਟਲੀ ਬਣਾ ਕੇ ਸੁਟਿਆ ਗਿਆ ਸੀ।

'ਭੁਜਾ ਬਾਂਧ ਭਿਲਾ ਕਰ ਡਾਰਿਓ।
ਹਸਤੀ ਕੋਪ ਮੂੰਡ ਮਹਿ ਮਾਰਿਓ।'
(ਗੌਂਡ ਕਬੀਰ ਜੀ)

ਪਰ ਕਬੀਰ ਸਾਹਿਬ ਨੇ ਈਨ ਨ ਮੰਨੀ। ਅਜਿਹੇ ਰਾਜ ਵਿਚ ਕਿਸੇ ਮੁਸਲਮਾਨ ਦਾ ਹਿੰਦੂ ਕਨਵਰਟ ਹੋਣਾ ਮੌਤ ਨੂੰ ਵਾਜਾਂ ਮਾਰਨ ਵਾਲੀ ਗਲ ਸੀ, ਸਮੇਤ ਕਨਵਰਸ਼ਨ ਦੀ ਰਸਮ ਅਦਾ ਕਰਨ ਵਾਲੇ ਬ੍ਰਹਮਣਾਂ ਦੇ।

ਹਕੂਮਤ ਦਾ ਅਸਰ ਖਲਕਤ ਤੇ ਜ਼ਰੂਰ ਪੈਂਦਾ ਏ। ਰਹਿਣ ਸਹਿਣ, ਰਸਮੋ ਰਿਵਾਜ, ਉਸਾਰੀ ਦੇ ਢੰਗ, ਬੋਲੀ, ਨਾਮ ਆਦ ਸਭ ਹਕੂਮਤ ਦਾ ਅਸਰ ਪਰਗਟ ਕਰਦੇ ਹਨ। ਇਸੇ ਅਸਰ ਹੇਠ ਉਸ ਸਮੇਂ ਹਿੰਦੂ ਲੋਕਾਂ ਦੇ ਨਾਵਾਂ ਵਿਚ ਆਈ ਤਬਦੀਲੀ ਹੇਠ ਦਿਤੀਆਂ ਮਿਸਾਲਾਂ ਤੋਂ ਪਰਗਟ ਹੁੰਦੀ ਹੈ।

| ਮੁਸਲਮਾਨੀ ਨਾਮ | ਹਿੰਦੂ ਨਾਮ |
|---|---|
| ਦੀਨ ਮੁਹੰਮਦ, ਅੱਲਾਦੀਨ, ਫ਼ਕੀਰ ਦੀਨ। | ਮਾਤਾ ਦੀਨ, ਗੰਗਾ ਦੀਨ, ਰਾਮ ਦੀਨ, ਫ਼ਕੀਰ ਦੀਨ |
| ਯਾਦ ਅਲੀ | ਯਾਦ ਰਾਮ |
| ਫ਼ਤਹਿ ਮੁਹੱਮਦ, ਫ਼ਤਿਹ ਬਹਾਦਰ | ਫ਼ਤਹਿ ਬਹਾਦਰ, ਫ਼ਤਿਹ ਚੰਦ। |
| ਉਲਫ਼ਤ ਅਲੀ | ਉਲਫ਼ਤ ਰਾਏ |
| ਮੌਲਾ ਬਖ਼ਸ਼ | ਰਾਮ ਬਖ਼ਸ਼ |
| ਹਕੀਕਤ ਖਾਨ | ਹਕੀਕਤ ਰਾਏ |
| ਤੇਗ ਬਹਾਦਰ | ਤੇਗ ਬਹਾਦਰ |
| ਦੌਲਤ ਬੇਗ, ਦੌਲਤ ਖਾਨ, ਦੌਲਤ ਸ਼ਾਹ | ਦੌਲਤ ਰਾਮ, ਦੌਲਤ ਚੰਦ ਦੌਲਤ ਸ਼ਾਹ |
| ਰਹਿਮਤ ਅਲੀ | ਰਹਿਮਤ ਚੰਦ |
| ਅਮੀਰ ਦੀਨ | ਅਮੀਰ ਚੰਦ |
| ਕਬੀਰ ਦੀਨ | ਕਬੀਰ ਦਾਸ |

ਇਹ ਅਸਰ ਅਜ ਕਲ ਦੀ ਜ਼ਿੰਦਗੀ ਵਿਚ ਵੀ ਨਜ਼ਰ ਆਉਂਦੇ ਹਨ ਤੇ ਸਾਹਿਤ ਦੇ ਖੋਜੀ ਇਸ ਤੋਂ ਭਲੀ ਪ੍ਰਕਾਰ ਜਾਣੂ ਹਨ। ਮਿਸਾਲ ਦੇ ਤੌਰ ਤੇ "ਬੁਲਗਾਨਿਨ ਸਿੰਘ" ਪਾਠਕਾਂ ਨੂੰ ਸ਼ਾਇਦ ਯਾਦ


www.AKJ.Org

ਹੀ ਹੋਵੇਗਾ, ਕਦੀ ਅਖ਼ਬਾਰਾਂ ਦੀ ਸੁਰਖੀ ਛਪੀ ਸੀ। ਆਪਣੇ ਘਰਾਂ ਵਿਚ ਵੀ ਟੀਟੋ Tito, ਸਵੀਟੀ Sweaty, ਹਨੀ Honey, ਸੱਨੀ Sunny ਇਤ ਆਦਿ ਅਨੇਕਾਂ ਨਾਮ ਤੁਹਾਨੂੰ ਰਹਿ ਚੁਕੀ ਅੰਗਰੇਜ਼ੀ ਹਕੂਮਤ ਦਾ ਅਸਰ ਜ਼ਾਹਰਾ ਪੇਸ਼ ਕਰ ਰਹੇ ਹਨ।

ਹਰ ਗੈਰ ਮੁਸਲਿਮ ਨੂੰ ਕਾਫ਼ਰ ਕਹਿਣ ਵਾਲੇ ਮੁਸਲਮਾਨ ਆਪਣੇ ਆਪ ਨੂੰ ਕਦੀ ਵੀ "ਸ਼ੂਦਰ" ਜਾਂ "ਬ੍ਰਾਹਮਣ ਤੋਂ ਨੀਵਾਂ" ਆਖ ਜਾਂ ਅਖਵਾ ਨਹੀਂ ਸਕਦੇ, ਇਸ ਨੂੰ ਉਹ ਗ਼ੈਰਤ ਉਤੇ ਸੱਟ ਸਮਝਦੇ ਨੇ ਤੇ ਫ਼ੌਰਨ ਪੱਥਰ ਨਾਲ ਜਵਾਬ ਦੇਂਦੇ ਹਨ।

ਹਿੰਦੂ ਧਰਮ ਤਾਂ ਵੈਸੇ ਹੀ ਮੁਸਲਮਾਨ ਨੂੰ ਮਲੇਛ ਸਮਝਦਾ ਸੀ ਤੇ ਕਿਸੇ ਵੀ ਮੁਸਲਮਾਨ ਨੂੰ ਆਪਣੇ ਧਰਮ ਵਿਚ ਵੜਨ ਦੀ ਆਗਿਆ ਨਹੀਂ ਸੀ ਦਿੰਦਾ। ਇਹ ਹਕੂਮਤ ਦੀ ਖਿਲਾਫ਼ ਵਰਜ਼ੀ ਕਰ ਕੇ ਕਿਸੇ ਮੁਸਲਮਾਨ ਨੂੰ ਹਿੰਦੂ ਬਨਾਉਣ ਦੀ ਜੁਰਅਤ ਤਾਂ ਕੀ ਹੀ ਕਰ ਸਕਣ ਜੋਗਾ ਸੀ, ਸ਼ੂਦਰ ਆਖਣ ਜੋਗਾ ਵੀ ਨਹੀਂ ਸੀ। ਨਾਲੇ ਕਿਸੇ ਮੁਸਲਮਾਨ ਨੇ ਆਖਰ ਸ਼ੂਦਰ ਬਣਨ ਲਈ ਤਾਂ ਨਹੀਂ ਸੀ ਨ ਕਨਵਰਟ ਵੀ ਹੋਣਾ। ਬ੍ਰਾਹਮਣ ਬਣਨ ਦੇ ਲਾਲਚ ਤੇ ਸ਼ਾਇਦ ਕੋਈ ਭੁਲ ਵੀ ਪੈਂਦਾ, ਪਰ ਮਲੇਛ ਤੋਂ ਬ੍ਰਾਹਮਣ ਬਣਾਉਂਦਾ ਕੌਣ। ਅਜ ਤੋਂ ਕੁਝ ਦਹਾਕੇ ਸਾਲ ਪਹਿਲੋਂ ਇਕ ਸ਼ੁਧੀ ਲਹਿਰ ਚਲੀ ਸੀ, ਪਰ ਅਜ ਕਲ ਤਾਂ ਸ਼ੂਦਰ ਨੂੰ ਉਚੀ ਜਾਤ ਵਿਚ ਲਿਆਉਣ ਲਈ ਵੀ ਕਈ ਇਤਰਾਜ਼, ਕਈ ਜਵਾਬੀ ਇਤਰਾਜ਼, ਕਈ ਸੁਝਾਉ ਤੇ ਕਈ ਢੰਗ ਹਾਲੇ ਅਖ਼ਬਾਰਾਂ ਦੇ ਕਾਲਮਾਂ ਤਕ ਹੀ ਸੀਮਤ ਹਨ।

## ਕੀ ਕਬੀਰ ਜੀ ਜਨਮ ਤੋਂ ਮੁਸਲਮਾਨ ਸਨ

ਆਮ ਪਰਚਾਰਕ ਤੇ ਲਿਖਾਰੀ ਵੀਰ ਕਬੀਰ ਸਾਹਿਬ ਜੀ ਨੂੰ ਮੁਸਲਮਾਨ ਕਹਿੰਦੇ ਲਿਖਦੇ ਹਨ। ਪਰ ਗਹੁ ਨਾਲ ਵਿਚਾਰਿਆਂ ਇਹ ਗਲ ਗਲਤ ਹੋ ਜਾਂਦੀ ਹੈ।

ਜੇ ਕਬੀਰ ਜੀ ਦਾ ਜਨਮ, ਤੇ ਭਾਵੇਂ ਨਿਰਾ ਪਲਣਾ ਹੀ ਮੁਸਲਮਾਨ ਦੇ ਘਰ ਦਾ ਮਨ ਲਈਏ, ਤਾਂ ਸਾਨੂੰ ਇਹ ਗਲ ਵੀ ਚੇਤੇ ਰਖਣੀ ਚਾਹੀਦੀ ਹੈ ਕਿ ਮੁਸਲਮਾਨ ਤਾਂ ਛੋਟੀ ਉਮਰੇ ਹੀ ਆਪਣੇ ਬਚਿਆਂ ਦੀ ਸੁਨੱਤ ਕਰਾ ਛਡਦੇ ਹਨ, ਤੇ ਪਠਾਣਾਂ ਦੇ ਰਾਜ ਵਿਚ ਕਿਸੇ ਦਾ ਸ਼ਰਾਹ ਤੋਂ ਬਚ ਨਿਕਲਣਾ ਤਾਂ ਸੀ ਹੀ ਅਸੰਭਵ। ਪਰ ਕਬੀਰ ਜੀ ਆਸਾ ਰਾਗ ਵਿਚ ਲਿਖਦੇ ਹਨ:—

ਸਕਤਿ ਸਨੇਹੁ ਕਰਿ ਸੁੰਨਤਿ ਕਰੀਐ
ਮੈ ਨ ਬਦਉਗਾ ਭਾਈ॥
ਜਉ ਰੇ ਖੁਦਾਇ ਮੋਹਿ ਤੁਰਕੁ ਕਰੇਗਾ
ਆਪਨ ਹੀ ਕਟਿ ਜਾਈ॥੨॥
ਸੁੰਨਤਿ ਕੀਏ ਤੁਰਕੁ ਜੇ ਹੋਇਗਾ
ਅਉਰਤ ਕਾ ਕਿਆ ਕਰੀਐ॥
ਅਰਧ ਸਰੀਰੀ ਨਾਰਿ ਨ ਛੋਡੈ
ਤਾ ਤੇ ਹਿੰਦੂ ਹੀ ਰਹੀਐ॥੩॥
ਛਾਡਿ ਕਤੇਬ ਰਾਮ ਭਜੁ ਬਉਰੇ
ਜੁਲਮ ਕਰਤ ਹੈ ਭਾਰੀ॥
ਕਬੀਰੈ ਪਕਰੀ ਟੇਕ ਰਾਮ ਕੀ
ਤੁਰਕ ਰਹੇ ਪਚਿਹਾਰੀ॥੪॥

ਇਸ ਸ਼ਬਦ ਵਿਚੋਂ ਹੇਠ ਲਿਖੀਆਂ ਗੱਲਾਂ ਸਪਸ਼ਟ ਹਨ:—

ਕਬੀਰ ਸਾਹਿਬ ਦੀ ਸੁੰਨਤ ਨਹੀਂ ਸੀ ਹੋਈ।

ਕਬੀਰ ਸਾਹਿਬ ਮੁਸਲਮਾਨ ਨਹੀਂ ਸਨ, ਤਾਂ ਹੀ ਉਹਨਾਂ ਨੇ ਕਿਹਾ 'ਜੇ ਰੱਬ ਨੇ ਮੈਨੂੰ ਮੁਸਲਮਾਨ


www.AKJ.org

ਬਣਾਉਣਾ ਹੋਇਆ ਤਾਂ ਮੇਰੀ ਸੁੰਨਤ ਆਪਣੇ ਆਪ ਹੀ ਹੋ ਜਾਏਗੀ।'

ਜਉ ਰੇ ਖੁਦਾਇ ਮੋਹਿ ਤੁਰਕੁ ਕਰੇਗਾ
ਆਪਨ ਹੀ ਕਟ ਜਾਈ॥

ਅਜਿਹੇ ਬਚਨ ਮੁਸਲਮਾਨ ਤਾਂ ਨਹੀਂ ਕਹਿ ਸਕਦਾ।

ਅਰਧ ਸ੍ਰੀਰੀ ਨਾਰਿ ਕੇਵਲ ਹਿੰਦੂ ਧਰਮ 'ਨਾਰੀ ਨੂੰ ਅਰਧੰਗੀ' ਦੀ ਫ਼ਿਲਾਸਫ਼ੀ ਤੇ ਯਕੀਨ ਰਖਦਾ ਹੈ। ਮੁਸਲਮਾਨ ਤਾਂ ਚਾਰ ਚਾਰ ਔਰਤਾਂ ਰਖਦੇ ਸਨ ਤੇ ਉਹ ਔਰਤ ਨੂੰ ਆਪਣਾ ਅੰਗ ਵੀ ਨਹੀਂ ਸਮਝਦੇ। ਅਰਧੰਗੀ ਤਾਂ ਰਹਿ ਗਈ ਕਿਧਰੇ ਉਹ ਤਾਂ 1/5 ਅੰਗ ਵੀ ਨਹੀਂ ਸਮਝਦੇ। ਇਕ ਨੂੰ ਤਲਾਕ ਦੇ ਕੇ ਦੂਜੀ ਤੇ ਫਿਰ ਤੀਜੀ, ਕਰਦਿਆਂ ਕਰਦਿਆਂ, ਸਊਦ ਦੇ ਲਥ ਚੁਕੇ ਬਾਦਸ਼ਾਹ ਕੋਲ 64 ਸਨ। ਭਾਵ 'ਅਰਧੰਗੀ' ਇਸਲਾਮ ਦੀ ਫ਼ਿਲਾਸਫ਼ੀ ਨਹੀਂ ਕੇਵਲ ਹਿੰਦੂ ਧਰਮ ਦੀ ਸੀ। ਜੇਹੜੇ ਕਬੀਰ ਸਾਹਿਬ ਇਹ ਕਹਿਣ ਕਿ ਇਹ ਸੁਨਤ ਰਹਿਤ ਅਰਧੰਗੀ ਤਾਂ ਸਾਥ ਨਹੀਂ ਛਡਦੀ–ਜੀਵਨ ਦੀ ਹਰ ਵੇਲੇ ਦੀ ਸਾਂਝੀਵਾਲ ਹੈ, ਉਹ ਫਿਰ ਆਪ ਮੁਸਲਮਾਨ ਤਾਂ ਨਹੀਂ ਸਨ।

ਤਾਂ ਤੇ ਹਿੰਦੂ ਹੀ ਰਹੀਐ–ਜੇ ਕਬੀਰ ਸਾਹਿਬ ਮੁਸਲਮਾਨ ਹੁੰਦੇ ਤੇ ਸੁਨਤ ਕਰਾਉਣ ਤੋਂ ਸੰਕੋਚ ਕਰਦੇ ਤਾਂ ਉਹਨਾਂ ਨੂੰ ਲਿਖਣਾ ਚਾਹੀਦਾ ਸੀ–

'ਤਾਂ ਤੇ ਹਿੰਦੂ ਹੋ ਜਾਈਐ'

ਪਰ ਉਹ ਤਾਂ ਲਿਖ ਗਏ ਹਨ:--

# ਤਾਂ ਤੇ ਹਿੰਦੂ ਹੀ ਰਹੀਐ

ਭਾਵ ਉਹ ਹਿੰਦੂ ਸਨ ਜੰਮ ਪਲ ਦੇ, ਤੇ ਮੁਸਲਮਾਨਾਂ ਦੀ ਸੁਨਤ ਦੀ ਰਸਮ ਦਾ ਖੰਡਨ ਕਰਦੇ ਹੋਏ, ਹਕੂਮਤੀ ਦਬਦਬੇ ਤੋਂ ਨਿਡਰ ਹੋਕੇ ਕਾਜ਼ੀ ਨੂੰ ਕਹਿ ਰਹੇ ਸਨ ਕਿ ਕਬੀਰ ਮੁਸਲਮਾਨ ਬਣਨ ਤੋਂ ਇਨਕਾਰੀ ਹੈ। ਇਸ ਸ਼ਬਦ ਦਾ ਆਖ਼ਰੀ ਪਦ ਤਾਂ ਹੋਰ ਵੀ ਕਮਾਲ ਹੈ। ਵੇਖੋ:–

'ਛੋਡ ਕਤੇਬ, ਰਾਮ ਭਜ ਬਓਰੇ।।' ਇਹ ਸ਼ਬਦ ਵੀ ਕੋਈ ਹਿੰਦੂ ਹੀ ਕਹਿ ਸਕਦਾ ਹੈ ਨ ਕਿ ਮੁਸਲਮਾਨ। ਤੇ ਇਸੇ ਪਦ ਦੀ ਅੰਤਲੀ ਤੁਕ

'ਕਬੀਰ ਪਕਰੀ ਟੇਕ ਰਾਮ ਕੀ
ਤੁਰਕ ਮੂਏ ਪਚਿਹਾਰੀ॥੪॥

'ਹਿੰਦੂ ਹੀ ਰਹੀਐ' ਕਹਿਕੇ, 'ਮੁਸਲਮਾਨ ਖਪ ਖਪ ਮਰ ਰਹੇ ਹਨ, ਖੁਆਰ ਹੋ ਰਹੇ ਹਨ' ਕਹਿਣ ਵਾਲਾ ਮਹਾਂਪੁਰਸ਼ ਯਕੀਨੀ ਗਲ ਹੈ, ਕਿ ਆਪ ਮੁਸਲਮਾਨ ਨਹੀਂ ਸੀ, ਹਿੰਦੂ ਹੀ ਸੀ।

ਜੇ ਕਬੀਰ ਸਾਹਿਬ ਮੁਸਲਮਾਨ ਹੁੰਦੇ ਤਾਂ ਅਪਣੀ ਸਾਰੀ ਬਾਣੀ ਵਿਚ ਕਿਧਰੇ ਤਾਂ ਆਪਣੇ, ਆਰੰਭਕ ਕਾਲ ਵਿਚ ਨਿਮਾਜ਼ੀ ਰਹਿ ਚੁਕੇ ਹੋਣ ਦੀ ਸੂਚਨਾ ਦਿੰਦੇ, ਕਿਉਂਕਿ ਮੁਸਲਮਾਨ (ਜੇ ਹੁੰਦੇ ਤਾਂ) ਪਿਤਾ ਨੇ ਆਪਣੇ ਪੁਤ ਕਬੀਰ ਨੂੰ ਨਿਮਾਜ਼ ਤਾਂ ਜ਼ਰੂਰ ਹੀ ਪੜ੍ਹਾਈ ਸਿਖਾਈ ਹੁੰਦੀ, ਪਰ ਅਜਿਹਾ ਹੈ ਨਹੀਂ। (ਚਲਦਾ)


## ਗੁਰਮਤਿ ਸਬੰਧੀ ਪੁਸਤਕਾਂ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀਆਂ ਰਚਿਤ ਪੁਸਤਕਾਂ ਸਾਥੋਂ ਪਰਾਪਤ ਕਰੋ ਤੇ ਸੂਚੀ ਪਤਰ ਮੁਫਤ ਮੰਗਵਾ ਸਕਦੇ ਹੋ ਪੁਸਤਕਾਂ ਮੰਗਵਾਨ ਤੇ ਡਾਕਖਰਚ ਵਖਰਾ ਹੋਵੇਗਾ।

ਪੁਸਤਕਾਂ ਮਿਲਨ ਦਾ ਪਤਾ:–ਸੂਰਾ ਪੁਸਤਕ ਭੰਡਾਰ,ਰਾਘੋਮਾਜਰਾ, ਪਟਿਆਲਾ।




www.AKJ.org

# ਮਾਈ ਭਾਗ ਕੌਰ ਦਾ ਤੇਗਾ

( ਗਿਆਨੀ ਜਸਮੇਰ ਸਿੰਘ ਜੀ 'ਪਾਲ' ਚੰਡੀਗੜ੍ਹ)

ਹੱਥ ਵਿਚ ਦੁਸਾਂਗ ਫੜੀ ਹੋਈ ਚੰਡੀ ਦਾ ਰੂਪ ਸੀ ਉਹ ! ਉਸ ਦੇ ਵਾਲ ਖਿਲਰੇ ਸਨ । ਕਮਰਕਸਾ ਜ਼ੋਰ ਨਾਲ ਉਸ ਲੱਕ ਦੁਆਲੇ ਬੱਧਾ ਸੀ । ਸਤਗੁਰ ਦੀ ਸੇਵਕਾ ਨੇ ਧਰਮ ਜੁਧ ਵਿਚ ਖੰਡਾ ਖੜਕਾ ਕੇ ਵੈਰੀਆਂ ਦੇ ਛੱਕੇ ਛੁਡਾਣੇ ਹਨ । ਮਾਝੇ ਵਿਚ ਖਬਰਾਂ ਖਿਲਰ ਰਹੀਆਂ ਸਨ ਕਿ ਗੁਰੂ ਸਾਹਿਬ ਸਿੰਘਾਂ ਸਮੇਤ ਕਿਲ੍ਹੇ ਅੰਦਰ ਘੇਰੇ ਵਿਚ ਸਨ । ਕਿਲ੍ਹਾ ਸਰ ਨਹੀਂ ਸੀ ਹੋ ਰਿਹਾ । ਦਿੱਲੀ ਤੇ ਲਾਹੌਰ ਸਰਹੰਦ ਦੀਆਂ ਫੌਜਾਂ ਨੇ ਸਤਲੁਜ ਦੀ ਬੇਟ ਵਿਚ ਮੋਰਚੇ ਜਮਾਏ ਹੋਏ ਸਨ । ਭਾਵੇਂ ਸਿੰਘਾਂ ਦੀ ਗਿਣਤੀ ਮੁਲਖਈਏ ਦੇ ਟਾਕਰੇ ਵਿਚ ਆਟੇ ਵਿਚ ਲੂਣ ਸੀ ਆਖ਼ਰ ਸ਼ੇਰ ਸ਼ੇਰ ਹੀ ਹੁੰਦੇ ਹਨ । ਜਿਨ੍ਹਾਂ ਨੇ ਖੰਡੇ ਦੀਆਂ ਰਗੜਾਂ ਪੀ ਲਈਆਂ ਸਨ ਉਹ ਕਦੋਂ ਧਰਮ ਜੁਧ ਤੋਂ ਕਦ ਫਿਰ ਸਕਦੇ ਸਨ । ਪਹਾੜੀ ਰਾਜਿਆਂ ਨੇ ਆਪਣੇ ਰਾਖੇ ਗੁਰੂ ਦੇ ਵਿਰੁਧ ਜੰਗ ਦਾ ਬਿਗਲ ਵਜਾ ਦਿਤਾ ਸੀ । ਸੰਸਾਰ ਦੇ ਇਤਹਾਸ ਵਿਚ ਅੰਮ੍ਰਿਤ ਛਕਾ ਕੇ ਸਿੰਘ ਸਜਾਉਣਾ ਗੁਰੂ ਗੋਬਿੰਦ ਸਿੰਘ ਜੀ ਦੀ ਸਭ ਤੋਂ ਵਡੀ ਕਰਾਮਾਤ ਸੀ। ਬ੍ਰਾਹਮਣ ਸ਼੍ਰੇਣੀ ਨੂੰ ਅੰਮ੍ਰਿਤ ਸਭ ਤੋਂ ਵਧ ਚੁਭਿਆ । ਬ੍ਰਹਮਣ ਸ਼੍ਰੇਣੀ ਨਹੀਂ ਚਾਹੁੰਦੀ ਸੀ ਕਿ ਸਦੀਆਂ ਤੋਂ ਦਬੇ ਹੋਏ ਸੂਦਰ ਤੇ ਅਛੂਤ ਸਾਡੇ ਪਾਏ ਹੋਏ ਜੂਲੇ ਨੂੰ ਲਾਹ ਕੇ ਪਰੇ ਵਗਾਹ ਮਾਰਨ । ਅੰਮ੍ਰਿਤ ਤੋਂ ਪਹਿਲੇ ਗੁਰੂ ਕੇ ਲੰਗਰ ਨੇ ਜ਼ਾਤ ਪਾਤ ਨੂੰ ਕਰਾਰੀ ਸੱਟ ਮਾਰ ਦਿਤੀ ਸੀ । ਰਹਿੰਦੀ ਹੋਈ ਕਸਰ ਅੰਮ੍ਰਿਤ ਨੇ ਪੂਰੀ ਕਰ ਦਿਤੀ । ਲੋਕੀ ਧੜਾ ਧੜ ਸਿੰਘ ਸਜਣ ਲਗੇ । ਜਦੋਂ ਵੀ ਕਿਸੇ ਕੌਮ ਨੂੰ ਜਿਵਾਲਣਾ ਹੁੰਦਾ ਹੈ ਉਸ ਵਿਚ ਅਪਣੇ ਤੇਜ ਦੀ ਰੂਹ ਫੂਕਣੀ ਪੈਂਦੀ ਹੈ । ਕੌਮ ਨੂੰ ਨਰੋਏ ਆਦਰਸ਼ਕ ਭਾਰਤ ਦੇ ਸਦਾਚਾਰ ਦੀਆਂ ਲੀਹਾਂ ਤੇ ਢਾਲਣਾ ਪੈਂਦਾ ਹੈ । ਕੌਮ ਨੂੰ ਸਦਾਚਾਰਕ ਕੀਮਤਾਂ ਸਦਾਚਾਰਕ ਤਾਕਤ ਬਖਸ਼ਦੀਆਂ ਹਨ । ਕੌਮਾਂ ਨੂੰ ਨਵੇਂ ਨਾਅਰੇ ਦੇਣੇ ਪੈਂਦੇ ਹਨ ਉਨ੍ਹਾਂ ਨਾਅਰਿਆਂ ਤੇ ਆਦਰਸ਼ਾਂ ਨੂੰ ਅਮਲੀ ਰੂਪ ਦਿਤਾ ਜਾਂਦਾ ਹੈ ਤਦੋਂ ਕੌਮਾਂ ਜਾਗਦੀਆਂ ਹਨ । ਸਤਲੁਜ ਦੇ ਕੰਢਿਆਂ ਉਤੇ ਸਿੱਖਾਂ ਦੀ ਕਿਸਮਤ ਘੜੀ ਗਈ ਹੈ । ਔਰੰਗਜ਼ੇਬ ਦਾ ਖੁਫੀਆ ਰਿਪੋਰਟਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਖਾਲਸਾ ਪੰਥ ਸਾਜਣ ਉਪਰੰਤ ਜੋ ਰਿਪੋਟ ਲਿਖਦਾ ਹੈ । ਉਸ ਵਿਚ ਲਿਖਦਾ ਹੈ ਕਿ ਇਹ ਜੋ ਸਿੰਘ ਦੀ ਰੂਪ ਰੇਖਾ ਉਲੀਕੀ ਗਈ ਹੈ ਇਹ ਲਾ ਸ਼ਰੀਕ ਹੈ । ਇਹ ਹਿੰਦੂ ਮੁਸਲਮਾਨ ਤੋਂ ਵਖਰਾ ਰੂਪ ਹੈ । ਇਸ ਵਿਚ ਵਡਾ ਭੇਦ ਹੈ । ਇਹ


www.AKJ.org

ਪੰਜ ਪਿਆਰੇ ਨਹੀਂ ਸਮਝੇ ਜਾਣੇ ਚਾਹੀਦੇ ਇਹ ਤਾਂ ਪੰਜ ਗੁਰੂ ਗੋਬਿੰਦ ਸਿੰਘ ਸਜ ਗਏ ਹਨ ਅਗੇ ਤਾਂ ਇਕ ਗੁਰੂ ਗੋਬਿੰਦ ਸਿੰਘ ਕਾਬੂ ਨਹੀਂ ਆਉਂਦਾ ਪਰ ਹੁਣ ਪੰਜ ਤਾਂ ਹੋਰ ਬਹੁਤ ਭਾਰਾ ਖਤਰਾ ਬਣਨਗੇ। ਮੈਂ ਪੰਜ ਗੁਰੂ ਗੋਬਿੰਦ ਸਿੰਘ ਸਤਲੁਜ ਦੇ ਕੰਢੇ ਤੇ ਨੀਲੇ ਬਾਣੇ ਵਿਚ ਫਿਰਦੇ ਵੇਖੇ ਹਨ। ਸਤਲੁਜ ਦੀ ਬਰੇਤੀ ਵਿਚ ਹੁਣ ਫੌਲਾਦੀ ਧਾਰਾ ਦਾ ਅਕਸੀਰ ਨਿਕਲੇਗਾ ਜਿਹੜਾ ਪੀਵੇਗਾ ਹਥਿਆਰ ਫੜੇਗਾ ਉਦੋਂ ਤੀਕ ਲੜਦਾ ਚਲਾ ਜਾਵੇਗਾ ਜਦੋਂ ਤੀਕ ਦੈਂਤ ਅਤੇ ਦਾਨਵੀ ਤਾਕਤਾਂ ਅਪਣਾ ਦੰਮ ਨਹੀਂ ਤੋੜ ਦਿੰਦੀਆਂ।'

ਹਿਸਾਬੀ ਕਿਤਾਬੀ ਬੰਦਾ ਸ਼ਹਾਦਤ ਦਾ ਬਾਟਾ ਨਹੀਂ ਪੀ ਸਕਦਾ। ਸੂਰਮਗਤੀ ਦਲੀਲ ਦੀ ਬਾਣੀ ਨਹੀਂ ਬੋਲਦੀ ਇਹ ਤਾਂ ਜਜ਼ਬੇ ਦਾ ਹੜ ਹੈ। ਬਹਾਦੁਰੀ ਦਲੀਲ ਵਿਚ ਨਹੀਂ ਪੈਂਦੀ ਇਹ ਤਾਂ ਅਨਭਵ ਕਰਦੀ ਹੈ।

ਬਾਈਧਾਰ ਪਹਾੜੀਏ ਰਾਜੇ (ਪਹਾੜੀ ਮੱਛਰ) ਨੇ ਮੁਗਲਾਂ (ਕੁਤਿਆਂ) ਨੇ ਮਿਲਕੇ ਅਨੰਦਪੁਰ ਦੀ ਧਰਤੀ ਨੂੰ ਘੇਰ ਰਖਿਆ ਹੈ। ਦੋਵੇਂ ਪਾਸਿਓਂ ਗਹਗੱਚ ਦੀ ਜੰਗ ਹੋ ਰਹੀ ਹੈ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅੰਮ੍ਰਿਤ ਵੇਲੇ ਦੇ ਦੀਵਾਨ ਤੋਂ ਮਗਰੋਂ ਹਰ ਰੋਜ਼ ਸਿੰਘਾਂ ਵਿਚ ਖਲੋ ਕੇ ਲੋਹੜੇ ਦੀ ਜੋਸ਼-ਟੁੰਬ ਤਕਰੀਰ ਕਰਦੇ ਹਨ—ਖਾਲਸਾ ਜੀ ਮੈਂ ਕਿਸੇ ਉਤੇ ਇਥੋਂ ਬਾਹਰ ਜਾ ਕੇ ਹਮਲੇ ਨਹੀਂ ਕੀਤੇ। ਕਿੰਨੇ ਲੰਮੇ ਅਰਸੇ ਤੋਂ ਇਸ ਦੇਵਤਿਆਂ ਦੀ ਧਰਤੀ ਉਤੇ ਬਾਹਰੋਂ ਹਮਲੇ ਹੁੰਦੇ ਰਹੇ ਹਨ, ਹੁਣ ਵੀ ਆਪ ਨੂੰ ਪਤਾ ਹੀ ਹੈ ਕਿ ਜ਼ਾਲਮਾਂ (ਕਸਮ ਤੋੜ) ਤੁਰਕਾਂ ਨੇ ਕਿਵੇਂ ਆਪਣੇ ਆਦਰਸ਼ ਭੁਲਾਏ ਹਨ—ਜਿਹੜਾ ਪ੍ਰਭੂ ਪਿਆਰਿਆਂ ਸੰਤ ਸਿਪਾਹੀਆਂ ਉਤੇ ਹਮਲੇ ਕਰਨ ਆਵੇ ਤਦੋਂ ਉਸ ਬਿਨਾਂ ਬੁਲਾਏ ਅਭਿਆਗਤ ਦਾ ਸੁਆਗਤ ਤੀਰਾਂ, ਤੋਪਾਂ, ਤਲਵਾਰਾਂ ਨਾਲ ਕਰਨਾ ਸਾਡਾ ਇਖ਼ਲਾਕੀ ਫ਼ਰਜ਼ ਬਣ ਜਾਂਦਾ ਹੈ। ਜਦੋਂ ਸਾਰੇ ਹੀਲੇ ਖ਼ਤਮ ਹੋ ਜਾਣ ਤਦੋਂ ਤਲਵਾਰ ਫੜਨਾ ਮਰਦ ਦਾ ਧਰਮ ਹੈ :—

ਚੁੰਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤ ਬੁਰਦਨ ਬਸ਼ਮਸ਼ੇਰ ਦਸਤ ॥

(ਜ਼ਫ਼ਰਨਾਮਾ)

ਸਿੰਘ ਦੇ ਦੋਵੇਂ ਹੱਥਾਂ ਵਿਚ ਲੱਡੂ ਹਨ ਜੇਕਰ ਜਿਤ ਗਏ ਤਦ ਧਰਮ ਬੀਰ ਤੇ ਗਾਜ਼ੀ ਫ਼ਤਹ ਦੇ ਮਾਲਕ ਜੇਕਰ ਜੰਗ ਵਿਚ ਸ਼ਹੀਦ ਹੋ ਗਏ ਤਦ ਸ਼ਹੀਦ। ਇਕ ਚੀਜ਼ ਤਾਂ ਪਲੇ ਪਵੇਗੀ ਹੀ—ਫ਼ਤਹਿ ਜਾਂ ਸ਼ਹੀਦੀ, ਮੈਂ ਨਹੀਂ ਚਾਹੁੰਦਾ ਕਿ ਜ਼ਾਲਮਾਂ ਦੇ ਪੈਰ ਤੁਹਾਨੂੰ ਮਧੋਲਦੇ ਹੋਏ ਮੇਰੇ ਤੀਕ ਆ ਪੁਜਣ। ਸਾਰਾ ਸਮੁਚਾ ਪੰਥ ਪੁਰਜ਼ਾ ਪੁਰਜ਼ਾ ਹੋਕੇ ਕਟ ਮਰੇਗਾ ਪਰੰਤੂ ਰਣ ਭੂਮੀ ਵਿਚੋਂ ਪੈਰ ਪਿਛਾਂਹ ਨਹੀਂ ਹਟਾਵੇਗਾ— 'ਅਬ ਜੂਝਨ ਕੋ ਦਾਉ' ਦਾ ਵੇਲਾ ਹੈ। ਗਗਨ ਦਮਾਮੇ ਤੇ ਚੋਟ ਪੈ ਗਈ ਹੈ:-

ਦੀਨ ਕੇ ਹੇਤ (ਗਰੀਬਾਂ ਮਜ਼ਲੂਮਾਂ ਦੀ ਰਾਖੀ ਲਈ ਲੜਨਾ ਹੈ ਇਸ ਤੋਂ ਵਡੀ ਸੇਵਾ ਹੋਰ ਕੋਈ ਨਹੀਂ। ਜਿਹੜਾ ਵੀ ਗੁਰੂ ਦਰਬਾਰ ਆਵੇ ਉਹ ਘੋੜੇ ਸ਼ਸਤਰ ਲੈਕੇ ਆਵੇ। ਅਸਲੀ ਸਿੱਖੀ ਦਾ ਫਲ ਉਸ ਨੂੰ ਪ੍ਰਾਪਤ ਹੋਵੇਗਾ ਜੋ ਮਲੇਛਾਂ ਦਾ ਖ਼ੂਨ ਪੀਵੇਗਾ। ਜੋ ਧਰਮਜੁਧ ਵਿਚ ਆਪਣਾ ਸੀਸ ਕਟਾਵੇਗਾ ਉਹ ਸਵਰਗਾਂ ਦਾ ਰਾਜ ਕਰੇਗਾ। ਇਹ ਸਿਖੀ ਦੀ ਪਰਖ ਦਾ ਸਮਾਂ ਹੈ। ਖਾਲਸਾ ਕੁੰਦਨ ਹੋਕੇ ਨਿਕਲੇਗਾ। ਸਿੰਘ ਹੁਣ ਸ਼ਾਹੀ ਪੁਸ਼ਾਕਾਂ ਪਾਣਗੇ,

www.AKJ.Org

ਘੋੜ ਸਵਾਰੀ ਕਰਨਗੇ ਹਥਿਆਰ ਫੜਨਗੇ, ਤੁਰਕ ਨੂੰ ਸਲਾਮ ਨਹੀਂ ਕਰਨਗੇ, ਸਿੰਘ ਲੁਕ ਨਹੀਂ ਸਕੇਗਾ, ਸਿੰਘ ਟੋਪੀ ਨਹੀਂ ਪਾਵੇਗਾ, ਸਿੰਘ ਅਪਣੀ ਅਸਲੀਅਤ ਤੋਂ ਮੁਕਰ ਨਹੀਂ ਸਕੇਗਾ। ਇਹ ਅਕਾਲ ਪੁਰਖ ਕੀ ਫੌਜ ਹੈ। ਸ਼ਤਰੂ ਇਨਾਂ ਨੇ ਮਾਰਨੇ ਹਨ, ਫੁਨ ਧਾਂਮ ਇਨ੍ਹਾਂ ਦੀ ਕਿਰਪਾ ਤੋਂ ਮੈਂ ਕੀਤੇ ਹਨ। ਇਨ੍ਹਾਂ ਦੀ ਕਿਰਪਾ ਨਾਲ ਮੈਂ ਸਜਿਆ ਹਾਂ। ਇਸ ਨਾਨਕ ਨਿਰਮਲ ਪੰਥ ਗੁਰਸੁਖ ਗਾਡੀ ਰਾਹੀ ਦਾ ਨਿਸ਼ਾਨਾ ਬੇਗਰਜ਼ ਹੈ। ਸ਼ਬਦ ਵਿਚ ਧਿਆਨ ਉਚਾ ਹੈ, ਇਹ ਕਿਸੇ ਅਗੇ ਝੁਕੇਗਾ ਨਹੀਂ। ਇਸ ਦੀ ਗਰਦਨ ਕਟੀ ਜਾ ਸਕਦੀ ਹੈ, ਧੜ ਅਗੇ ਤੋੜੀ ਜਾ ਸਕਦੀ ਹੈ ਝੁਕਾਈ ਨਹੀਂ ਜਾ ਸਕਦੀ। ਇਸ ਨੂੰ ਖੰਡੇਧਾਰ ਦੀ ਗੁੜਤੀ ਦਿਤੀ ਹੈ। ਆਦਮ ਗਿਣਤੀ ਇਸ ਲਈ ਬੇਅਸਰ ਹੈ। ਇਹ ਲੱਖਾਂ ਦੇ ਘੋਲ ਵਿਚ ਭੁੜਕ ਕੇ ਕੁਦ ਪਵੇਗਾ। ਇਹ ਸਿਰਾਂ ਦੇ ਸੌਦੇ ਕਰਨ ਵਾਲਾ ਵਿਪਾਰੀ ਹੈ। ਇਹ ਕਿਸੇ ਦਿਨ ਕਾਬਲ ਕੰਧਾਰ ਦੀਆਂ ਕੰਧਾਂ ਢਾਹੇਗਾ। ਇਸ ਦਾ ਸਟੀਲ ਸਰਬਲੋਹੀ ਅਕਾਲੀ ਚੱਕਰ ਚਾਰੇ ਚੱਕਾਂ ਵਿਚ ਘੁੰਮੇਗਾ। ਇਹ ਅੰਦਰੋਂ ਬਾਹਰੋਂ ਇਕ ਹੈ। ਜਿਸ ਦੀ ਅਸਲੀਅਤ ਇਕ ਨਹੀਂ ਉਹ ਲੁਕੇਗਾ। ਜਿਸ ਨੂੰ ਸ਼ੇਰ ਦਾ ਬਾਣਾ ਦੇ ਦਿਤਾ ਉਹ ਲੁਕ ਨਹੀਂ ਸਕੇਗਾ। ਖਾਲਸਾ ਅਪਣੀ ਕਿਸਮਤ ਆਪ ਘੜੇਗਾ। ਇਸ ਦਾ ਰੱਬ ਨਿਰਭਉ ਹੈ। ਇਹ ਹੋਣੀ ਨੂੰ ਬਦਲ ਦੇਵੇਗਾ। ਖਾਲਸੇ ਤੋਂ ਭਾਵ ਹੈ ਜੋ ਚੀਜ਼ ਰੱਬ ਦੀ ਹੈ ਜੋ ਰੱਬ ਦਾ ਬਣ ਗਿਆ ਹੈ ਜਿਸ ਨੇ ਆਪਣਾ ਆਪ ਅਕਾਲਪੁਰਖ ਦੇ ਹਵਾਲੇ ਕਰ ਦਿਤਾ ਹੈ। ਇਹ ਖਾਲਸ ਰੂਪ ਹੈ। ਗਿਲਾਨੀ ਦੇ ਨੇੜੇ ਨਹੀਂ ਢੁਕੇਗਾ, ਮੰਦੇ ਪੈਰ ਨਹੀਂ ਰਖੇਗਾ। ਇਸ ਦੀ ਖੁਰਾਕ ਪ੍ਰਭੂ ਦੇਖੀ ਹੋਣਗੇ।

ਧਰਮ ਚਲਾਵਣ ਸੰਤ ਉਬਾਰਨ।
ਦੁਸ਼ਟ ਸਭਨ ਕੋ ਮੂਲ ਉਪਾਰਨ।
ਸੰਤਾ ਮਾਨਉ ਦੂਤਾ ਡਾਨਉ
ਇਹ ਕੁਟਵਾਰੀ ਮੇਰੀ'

ਦੋਧਾਰੇ ਖੰਡੇ ਫੜ ਕੇ ਮੁਲਖਈਆਂ ਵਿਚ ਵੜਕੇ ਛਿੰਝਾਂ ਪਾਵੇਗਾ। ਗੁਰੂ ਨੇ ਇਸ ਨੂੰ ਥਾਪੀ ਦਿਤੀ ਹੈ। ਇਹ ਬੰਦੂਕਾਂ ਫੜਕੇ ਪੈਲਾਂ ਪਾਵੇਗਾ। ਇਹ ਬੈਠੇਗਾ ਨਹੀਂ ਇਹ ਸਜੇਗਾ। ਇਹ ਖਾਵੇਗਾ ਨਹੀਂ ਛਕੇਗਾ। ਇਹ ਸਵੇਂਗਾ ਨਹੀਂ ਚਰਨ ਕਮਲ ਕੀ ਮੌਜ ਵਿਚ ਵਿਚਰੇਗਾ। ਇਹ ਸਵਾ ਲਖ ਦਾ ਰੂਪ ਹੈ। ਇਹ ਰੂਪ ਦੇਹੀ ਤੋਂ ਉਪਰ ਉਠਕੇ ਵਾਹਿਗੁਰੂ ਜੀ ਦੇ ਦਿਬ ਸਾਂਗੋਂ ਪਾਂਗ ਦਰਸ਼ਨ ਕਰਨ ਦਾ। ਇਹ ਰੂਪ ਹੈ 'ਮਾਨਸ ਕੀ ਜਾਤ ਸਭ ਏਕੈ ਪਹਿਚਾਨਬੋ' ਨੂੰ ਪ੍ਰਤੱਖ ਸਾਕਾਰ ਕਰਨ ਦਾ। ਸੱਚ ਤਾਂ ਉਚਾ ਹੈ ਪਰ ਸੱਚ ਤੋਂ ਉਚੀ ਹੈ ਸੱਚ ਦੀ ਰਹਿਣੀ।

ਸਚਹੁ ਓਰੈ ਸਭ ਕੋ ਉਪਰ ਸਚੁ ਆਚਾਰੁ।

ਸੱਚ ਲਈ ਮਰ ਮਿਟੋ...ਸੱਚ ਦਾ ਪ੍ਰਕਾਸ਼ ਰੋਕੀ ਜੋ ਜਾਬਰ ਤਾਕਤਾਂ ਖਲੋਤੀਆਂ ਹਨ ਉਨਾਂ ਨੂੰ ਧਕਾ ਮਾਰੋ-ਧੜੰਮ ਡਿਗਣ ਖੰਡੇ ਦੇ ਅੰਮ੍ਰਿਤ ਦਾ ਮੁਲ ਦਿਉ:—

ਅਬ ਤੋ ਜਰਾ ਮਰਾ ਸਿਧ ਪਾਈਐ
ਲੀਨਉ ਹਾਥ ਸਿੰਧਾਉਰਾ।
(ਕਬੀਰ ਜੀ ਦੀ ਤੁਕ)

ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰ ਤੀਰ।
ਸੈਫ ਸਰੋਹੀ ਸੈਹਥੀ ਯਹੀ ਹਮਾਰੇ ਪੀਰ।

ਸਮੇਂ ਦੀ ਮਿੱਟੀ ਸਭ ਕੁਝ ਨੂੰ ਖਾ ਜਾਂਦੀ ਹੈ।


www.AKJ.Org

ਸਮੇਂ ਦੀ ਮਿੱਟੀ ਲੋਹੇ, ਪਿਤਲ, ਹੀਰੇ, ਵਡੀਆਂ ਵਡੀਆਂ ਇਮਾਰਤਾਂ, ਪੱਥਰਾਂ ਨੂੰ ਖਾ ਜਾਂਦੀ ਹੈ ਐਪਰ ਸਮੇਂ ਦੀ ਧਰਮ ਜੁਧ ਵਿਚ ਜੂਝ ਕੇ ਸ਼ਹੀਦ ਹੋਣ ਵਾਲੇ ਸੂਰਬੀਰਾਂ ਨੂੰ ਨਹੀਂ ਖਾ ਸਕਦੀ। ਸ਼ਹੀਦ ਲੋਕ ਦਿਲਾ ਤੇ ਰਾਜ ਕਰਦੇ ਹਨ। ਸ਼ਹੀਦਾਂ ਦਾ ਸਿੰਘਾਸਣ ਲੋਕ ਦਿਲ ਹੁੰਦੇ ਹਨ। ਜੇਕਰ ਲੋਕ ਦਿਲਾਂ ਤੇ ਬੈਠਣਾ ਹੈ ਤਾਂ ਧਰਮ ਜੁਧ ਵਿਚ ਹਿਸਾ ਪਾਓ।

ਅਵਰ ਵਾਸਨਾ ਨਾਹਿ ਮੋਹਿ।
ਪ੍ਰਭ ਧਰਮ ਜੁਧ ਕੋ ਚਾਇ।

ਸੰਘਣੇ ਜੰਗਲ ਨੂੰ ਖਾਲਸਾ ਜੀ ਚੀਰ ਰਹੇ ਹਨ। ਸਿੰਘ ਬੇਦਾਵਾ ਦੇ ਗਏ ਹਨ। ਗੁਰੂ ਅਡੋਲ ਹੈ। ਵੈਰੀ ਦਲ ਪਿਛਾ ਕਰਦਾ ਆ ਰਿਹਾ ਹੈ। ਸਰਸੇ ਤੇ ਤਲਵਾਰ ਚਲੀ, ਲੋਹੇ ਤੇ ਲੋਹਾ ਖੜਕਿਆ। ਦੋ ਜਿਗਰ ਦੇ ਟੋਟੇ ਫ਼ਤਹਿ, ਜੋਰਾਵਰ ਤੇ ਬਿਰਧ ਮਾਤਾ ਸਾਥ ਤੋਂ ਵਿਛੜ ਗਏ। ਗੰਗੂ ਰਸੋਈਆ ਸੰਭਾਲ ਕੇ ਆਪਣੇ ਪਿੰਡ ਖੇੜੀ ਲੈ ਗਿਆ। ਗੁਰੂ ਜੀ ਦੇ ਨਾਲ ਕੇਵਲ ਚਾਲੀ ਸਿੰਘ ਗੜੀ ਵਿਚ ਹਨ ਚਾਲੀ ਭੁਖੇ ਸ਼ੇਰਾਂ ਨੇ ਅਠ ਪਹਿਰ ਤੀਕ ਦਸ ਲੱਖ ਦੇ ਮੁਲਖਈਏ ਨੂੰ ਵਖਤ ਪਾਈ ਰਖਿਆ। ਕੱਚੀ ਗੜੀ ਸਰ ਨਹੀਂ ਹੋਣ ਦਿਤੀ ਕਰਬਲਾ ਨੂੰ ਮਾਤ ਕਰ ਦਿਤਾ ਅਜੀਤ ਤੇ ਜੁਝਾਰ ਨੇ ਸ਼ਹਾਦਤ ਦੇ ਜਾਂਮ ਪੀਤੇ:—

ਨਾਮ ਕਾ ਅਜੀਤ ਹੂੰ ਜੀਤਾ ਨਾ ਜਾਊਂਗਾ।
ਜੀਤਾ ਤੋ ਖੈਰ ਮੁੜਕੇ ਜੀਤਾ ਨ ਆਊਂਗਾ।

ਪਿਆਰਿਆਂ ਨੇ ਸ਼ਹਾਦਤਾਂ ਦਿਤੀਆਂ। ਅਪਣੇ ਖੂਨ ਡੋਹਲੇ, ਮੁਗਲਾਂ ਦੇ ਡੋਹਲੇ। 'ਰਾਖਾ ਹਿੰਦ ਪੀਰ' ਨੇ ਖਾਲਸਾ ਪੰਥ ਨੂੰ ਗੁਰਿਆਈ ਗੜੀ ਵਿਚ ਹੀ ਦੇ ਦਿਤੀ ਸੀ। ਮੁਗਲ ਦਲਾਂ ਵਿਚ ਹਰੋਲੀ ਮਚਾ ਤਾੜੀ ਮਾਰਕੇ। ਹਿੰਦ ਪੀਰ ਮੇ ਰਵਦਾ ਜੈਕਾਰਾ ਲਾਉਂਦਾ ਸੰਤ ਸਿਪਾਹੀ ਧਰੂਅ ਤਾਰੇ ਦੀ ਸੇਧ ਰਖ ਮਾਛੀਵਾੜੇ ਦੇ ਜੰਗਲਾਂ ਵਲ ਨਿਕਲ ਗਿਆ ਸੀ।

## ਚਾਰੇ ਲਾਲ ਦੇਸ਼ ਤੋਂ ਵਾਰੇ ਰਾਖੇ ਹਿੰਦ ਦੇ ਨੇ

ਸਮਾਂ ਪਾਕੇ ਮੁਕਤਸਰ ਦੀ ਧਰਤੀ ਨੂੰ ਸਤਿਗੁਰੂ ਭਾਗ ਲਾ ਰਹੇ ਸਨ। ਸਰਹੰਦ ਤਲਵੰਡੀ ਸਾਬੋ ਦੇ ਨੇੜੇ ਹੀ ਸੀ। ਸੂਬਾ ਸਰਹੰਦ ਮਾਰੋ ਮਾਰ ਕਰਦਾ ਸਤਿਗੁਰੂ ਦਾ ਪਿਛਾ ਕਰਦਾ ਆ ਰਿਹਾ ਸੀ। ਢਾਬ ਉਤੇ ਮਝੈਲਾਂ ਦੇ ਮੋਰਚੇ ਜਮਾਏ ਹੋਏ ਸਨ। ਤੁਰਕ ਦਲ ਮਾਰੋ ਮਾਰ ਵਧ ਰਿਹਾ ਸੀ। ਭਾਈ ਮਹਾਂ ਸਿੰਘ ਜੀ ਬੇਦਾਵੇ ਦਾ ਧੱਬਾ ਧੋ ਚੁਕੇ ਸਨ। ਸਤਿਗੁਰੂ ਨੇ ਪ੍ਰਵਾਰ ਲੁਟਾ ਲਿਆ ਸੀ, ਸਭ ਕੁਝ ਗੁਆ ਲਿਆ ਸੀ ਪੰਤੂ ਬੇਦਾਵੇ ਦੀ ਲਿਖਤ ਸਤਿਗੁਰੂ ਦੇ ਲਹੂ ਭਿਜੇ ਕਮਰਕਸੇ ਵਿਚ ਮੌਜੂਦ ਸੀ। ਇਸ ਨੂੰ ਸਤਿਗੁਰੂ ਨੇ ਹਿੱਕ ਨਾਲ ਲਾਈ ਰਖਿਆ ਸੀ।

'ਸਤਿਗੁਰ ਸਿਖ ਕੀ ਕਰੈ ਪ੍ਰਤਿਪਾਲ
ਸੇਵਕ ਕੋ ਗੁਰ ਸਦਾ ਦਇਆਲ।

ਮਾਈ ਭਾਗ ਕੌਰ ਨੇ ਮਝੈਲਾਂ ਨੂੰ ਫ਼ਿਟਕਾਰਾਂ ਪਾਈਆਂ ਜੱਥਾ ਬੰਨਕੇ ਮੈਦਾਨ ਵਿਚ ਕੁਦ ਪਈ। ਆਖਣ ਲਗੀਆਂ ਲਉ ਤੁਸੀਂ ਘਰ ਬੈਠੋ ਅਸੀਂ ਲੜਾਂਗੀਆਂ। ਮਾਈ ਭਾਗ ਕੌਰ ਚਾਨਣ ਦਿਮਾਗ ਹੋ ਚੁਕੀ ਸੀ। ਅੰਮ੍ਰਿਤ ਪੀਕੇ ਅਮਰ ਹੋ ਚੁਕੀ ਸੀ। ਉਸ ਮੁਗਲਾਂ ਨੂੰ ਪਛਿਆ। ਮਸਤੀ ਵਿਚ ਆ ਕੇ ਕਪੜੇ ਪਾੜ ਸੁਟੇ ਲਿਬਾਸ ਪਰ੍ਹੇ ਵਗਾਹ ਮਾਰਿਆ। ਸਤਿਗੁਰੂ ਜੀ, ਕੋਲ ਆਕੇ ਵਿਸਮਾਦ ਵਿਚ ਬੋਲੇ— 'ਬੀਬੀ ਮਰਿਆਦਾ ਵਿਚ ਰਹਿਣਾ ਹੈ—ਪ੍ਰਭੂ ਪ੍ਰਾਪਤੀ


www.AKJ.org

ਹੋਣ ਤੇ ਵੀ ਰਹਿਤ ਮਰਯਾਦਾ ਨਹੀਂ ਛਡਣੀ। ਹੋਸ਼ ਨਹੀਂ ਤਿਆਗਣੀ......ਇਹ ਖੰਡੇਧਾਰ ਮਾਰਗ ਹੈ ਪਾ ਕੇ ਛੁਪਾਣਾ ਹੈ... ਮਰਿਯਾਦਾ ਪੁਰਸ਼ੋਤਮ ਰਹਿਣਾ ਹੈ—ਖਾਲਸਾ ਸੋਈ ਲੜੇ ਹੋਏ ਆਗੇ–

ਖਾਲਸਾ ਸੋਈ ਮਲੇਛ ਕੋ ਮਾਰੇ।

ਖਾਲਸਾ ਸੋਈ ਸ਼ਸਤਰ ਕੋ ਧਾਰੇ।

ਮਾਈ ਭਾਗ ਕੌਰ ਨੇ ਮਾਝੇ ਦਾ ਕਲੰਕ ਧੋਤਾ। ਚੰਡੀ ਰੂਪ ਹੋਕੇ ਚਮਕੀ। ਤੇਗਾ ਲੈਕੇ ਮੈਦਾਨ ਵਿਚ ਕੁਦ ਪਈ-ਤੇਗੇ ਦੀਆਂ ਧਾਰਾਂ ਰੇਤਲੇ ਥਲ ਵਿਚ ਚਮਕਾਂ ਮਾਰਦੀਆਂ ਸਨ, ਤੇਗਾ ਬਜਰ ਪਾਪਾਂ ਦੇ ਪਹਾੜ ਢਾਹ ਰਿਹਾ ਸੀ। ਤੇਗੇ ਨੇ ਸੂਬਾ ਸਰਹੰਦ ਦੇ ਲਸ਼ਕਰ ਦੀਆਂ ਭਾਜੜਾਂ ਪੁਆ ਦਿਤੀਆਂ। ਇਹ ਜਾਗੀ ਹੋਈ ਸਿਪਰਟ ਦਾ ਪਰਗਟਾਵਾ ਸੀ। ਇਹ ਸਿਪਰਟ ਵਿਸ਼ੇਸ਼ ਬਿਰਤੀ ਦੀ ਲਖਾਇਕ ਹੈ।

'ਭੈ ਕਾਹੂ ਕੋ ਦੇਤ ਨਹਿ ਭੈ ਮਾਨਤ ਆਨ' ਦਾ ਮਹਾਨ ਸੁਚੱਜਾ ਆਦਰਸ਼ ਹੈ। ਕਮਰਕਸੇ ਵਿਚ ਤੇਗਾ ਚਮਕਾਰੇ ਮਾਰਦਾ ਸੀ। ਇਕ ਤੇਗਾ ਹੱਥ ਵਿਚ ਸੀ ਵੈਰੀ ਦਲਾਂ ਵਿਚ ਛਿੰਝ ਪਾ ਰਿਹਾ ਸੀ। ਇਕ ਪਾਸੇ ਸੰਝ ਦੀ ਲਾਲੀ ਸੀ ਦੂਜੇ ਪਾਸੇ ਸੂਬਾ ਸਰਹੰਦ ਦੇ ਘੋੜਿਆਂ ਨੂੰ ਪਾਣੀ ਨਹੀਂ ਸੀ ਮਿਲ ਰਿਹਾ। ਵੈਰੀ ਦਮ ਤੋੜ ਕੇ ਨਿਕਲ ਗਿਆ ਸੀ,ਦੂਜੇ ਪਾਸੇ ਤੁਰਕ ਦਲ ਭਜਾ ਜਾ ਰਿਹਾ ਸੀ। ਮੈਦਾਨ ਖਾਲੀ ਸੀ। ਖਿਦਰਾਣੇ ਦੀ ਢਾਬ ਨੂੰ ਮਾਤਾ ਭਾਗ ਕੌਰ ਦੇ ਤੇਗੇ ਨੇ ਰੰਗ ਲਾਏ। ਇਹ ਸਿੰਘ ਰੂਪ ਚੰਡੀ ਦੁਰਗਾ ਸੀ। ਬੀਰਤਾ ਦੀ ਮਰਜ਼ ਸੀ। ਸ਼ੀਹਣੀ ਦਾ ਬਿਫਰਵਾਂ ਰੂਪ ਸੀ ਜਿਸ ਦੀ ਮਰਜ਼ ਤੋਂ ਪਰਬਤ ਕੰਬ ਗਏ, ਅਕਾਸ਼ ਡੋਲਿਆ-ਇਹ ਸਭ ਮਾਈ ਭਾਗ ਕੌਰ ਦੇ ਤੇਗੇ ਦੀ ਕਰਾਮਾਤ ਸੀ।

'ਜੂਝ ਮਰੋ ਤਉ ਸਾਚ ਪਤੀਜੈ'

——

## ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ

ਦਾਸ ਦੀ ਸੁਪਤਨੀ (ਸੁੰਦਰ ਕੌਰ) ਫੁਲਾਂਵਾਲ ਵਿਖੇ ਅਕਾਲ ਚਲਾਣਾ ਕਰ ਗਈ ਹੈ। ਇਹਨਾਂ ਦੇ ਨਮਿੱਤ ਰਖੇ ਸਧਾਰਨ ਪਾਠ ਦਾ ਭੋਗ 29.6.69 ਨੂੰ ਪਾਇਆ ਗਿਆ ਇਸ ਸਮੇਂ ਪਿੰਡ ਦੀ ਸੰਗਤ ਤੇ ਆਮ ਰਿਸ਼ਤੇਦਾਰਾਂ ਤੋਂ ਇਲਾਵਾ ਦਾਸ ਦੇ ਪ੍ਰਮਾਰਥਿਕ ਸੰਬੰਧੀ, ਭਾਈ ਸਾਹਿਬ ਜੀ ਦੇ ਸਪੁਤਰ ਸ: ਬਲਬੀਰ ਸਿੰਘ ਜੀ ਤੇ ਸਪੁਤ੍ਰੀ ਬੀਬੀ ਦਲੇਰ ਕੌਰ ਜੀ, ਰਾਗੀ ਜੀਵਨ ਸਿੰਘ ਜੀ ਆਦਿਕ ਵੀਰਾਂ ਨੇ ਧੁਰੋਂ ਆਈ ਗੁਰਬਾਣੀ ਦੇ ਮਨੋਹਰ ਕੀਰਤਨ ਦੁਆਰਾ ਰੂਹ ਦੀ ਕਲਿਆਣ ਹਿਤ ਅਸੀਸੜੀਆਂ ਦਿਤੀਆਂ। ਗੁਰੂ ਪਿਆਰਿਆਂ ਨੇ ਮਿਹਰਾਂ ਭਰੀ ਅਰਦਾਸ ਕੀਤੀ, ਉਪਰੰਤ ਮਹਾਰਾਜ ਜੀ ਦਾ ਹੁਕਮ ਲਿਆ ਗਿਆ—ਟੋਡੀ ਮਹਲਾ ੫ ॥ ਮਾਈ ਮੇਰੇ ਮਨ ਕੋ ਸੁਖੁ ॥ ਕੋਟਿ ਆਨੰਦ ਰਾਜ ਸੁਖੁ ਭੁਗਵੈ ਹਰਿ ਸਿਮਰਤ ਬਿਨਸੈ ਸਭ ਦੁਖ ॥ 4.7.69 ਸ਼ਾਮ ਨੂੰ ਪ੍ਰੋਫੈਸਰ ਦਰਸ਼ਨ ਸਿੰਘ ਜੀ,ਭਾ: ਦਿਆਲ ਸਿੰਘ ਜੀ, ਭਾ: ਅਮਰੀਕ ਸਿੰਘ ਜੀ ਤੇ ਛੇ ਸੱਤ ਬੀਬੀਆਂ ਜੋੜੀ ਵਾਜੇ ਲੈਕੇ 8 ਬਜੇ ਦਾਸ ਦੇ ਗ੍ਰਹਿ ਵਿਖੇ ਪੁਜੇ ਤੇ ਰਾਤ ਦੇ ਗਿਆਰਾਂ ਵਜੇ ਤਕ ਕੀਰਤਨ ਦੀਆਂ ਝੜੀਆਂ ਲਾਈਆਂ, ਸਾਰੇ ਪਿੰਡ ਦੀ ਸੰਗਤ ਕੀਰਤਨ ਦੇ ਰੰਗ ਮਾਣਦੀ ਰਹੀ। ਉਪਰੰਤ ਸ੍ਰ: ਅਮਰੀਕ ਸਿੰਘ ਜੀ ਨੇ ਪ੍ਰੇਮ-ਭਿੰਨੀ ਅਰਦਾਸ ਕੀਤੀ।

ਦਾਸ ਨੂੰ ਬਹੁਤ ਸਾਰੇ ਗੁਰਮੁਖਿ ਪਿਆਰਿਆਂ ਵਲੋਂ ਹਮਦਰਦੀ ਦੇ ਪਤਰ ਪੁਜ ਰਹੇ ਹਨ। ਦਾਸ ਰੁਝੇਵੇਂ ਦੇ ਕਾਰਨ ਵੱਖ ਵੱਖ ਪੱਤਰਾਂ ਦੇ ਉੱਤਰ ਨਹੀਂ ਦੇ ਸਕਿਆ। ਇਸ ਲਈ 'ਸੂਰਾ' ਰਾਹੀਂ ਸਰਬ ਹਿਤੈਸ਼ੀ ਮਿੱਤਰਾਂ ਦਾ ਰੋਮ ਰੋਮ ਕਰਕੇ ਧੰਨਵਾਦ ਕਰਦਾ ਹਾਂ।

ਆਪ ਜੀ ਦਾ ਦਾਸਰਾ—ਗਿਆਨੀ ਦਲੀਪ ਸਿੰਘ


www.AKJ.org

# —ঃ ਸਾਰੀ ਦੁਨੀਆਂ ਲਈ ਏਕਤਾ ঃ—

(ਭਾਈ ਜਗਤ ਸਿੰਘ "ਜਗਤ" ਫਤੋਵਾਲ)

ਸਤਿਗੁਰ ਨਾਨਕ ਦੇਵ ਜੀ ਦੀ ਪੰਜਵੀਂ ਸ਼ਤਾਬਦੀ ਪ੍ਰਕਾਸ਼ ਦਿਵਸ ਮਨਾਏ ਜਾਣ ਦੀਆਂ ਤਿਆਰਅਾਂ ਦੇਸ਼ ਪ੍ਰਦੇਸ਼ ਵਿਚ ਹੁਣ ਤੋਂ ਹੀ ਆਰੰਭੀਆਂ ਜਾ ਰਹੀਆਂ ਹਨ ਇਹ ਕਦਮ ਬੜਾ ਹੀ ਸਲਾਘਾ ਯੋਗ ਹੈ ਕਿ ਐਤਕੀਂ ਸਾਰਿਆਂ ਮੁਲਕਾਂ ਦੇ ਰਾਜਸੀ ਨੇਤਾ ਇਸ ਵਿਚ ਭਾਗ ਲੈਣਗੇ। ਮਗਰ ਇਹ ਗਲ ਕਿਤਨੀ ਦੁਖਦਾਇਕ ਹੈ ਕਿ ਭਾਰਤ ਵਿਚ ਵਸ ਰਹੇ ਗੁਰੂ ਨਾਨਕ ਦੇ ਸ਼ਰਧਾਲੂ ਅਜ ਆਪਣੇ ਮਹਿਬੂਬ ਦੇ ਜਨਮ ਅਸਥਾਨ ਦੀ ਖੁਲਮ ਖੁਲੀ ਯਾਤ੍ਰਾ ਕਰਨੋਂ ਅਸਮਰਥ ਹਨ। ਉਨ੍ਹਾਂ ਮਹਾਨ ਸ਼ਹੀਦਾਂ ਦੇ ਹਿਰਦੇ ਜਿਨਾਂ ਸ੍ਰੀ ਨਨਕਾਣਾ ਸਾਹਿਬ ਜੀ ਲਈ ਜਾਨਾਂ ਵਾਰੀਆਂ ਸੀ ਅਜ ਆਪਣੇ ਲੋਕ ਰਾਜ ਨੂੰ ਤਕ ਕੇ ਅਸ਼ਾਂਤ ਹਨ। ਪਾਕਿਸਤਾਨ ਵਿਚ ਰਹਿ ਗਏ ਗੁਰਧਾਮ ਪੰਜਾਬੀਆਂ ਨੂੰ ਹਰ ਸੁਆਸ ਯਾਦ ਹਨ। ਇਨਾਂ ਵਿਛੜਿਆਂ ਹੋਇਆਂ ਗੁਰੂ ਕੇ ਅਮਰ ਨਿਸ਼ਾਨਾਂ ਤੇ ਲਾਈ ਹੋਈ ਪਾਬੰਦੀ' ਪਾਕਿਸਤਾਨ ਲਈ ਵਧੇਰੇ ਦੁਖਦਾਇਕ ਸਾਬਤ ਹੋਵੇਗੀ। ਰਾਇਬੁਲਾਰ ਜੀ ਦੇ ਗੁਰੂ ਨਾਲ ਕੀਤੇ ਪਿਆਰ ਨੂੰ ਕੌਣ ਭੁਲਾ ਸਕਦਾ ਹੈ ਜਿਨ੍ਹਾਂ ਗੁਰੂ ਨਾਨਕ ਦੇਵ ਜੀ ਦੇ ਪਿਤਾ ਕਾਲੂ ਮਹਤਾ ਜੀ ਨੂੰ ਵੰਗਾਰ ਕੇ ਆਖਿਆ ਸੀ ਕਿ ਕਾਲੂ, ਹੁਣ ਤੂੰ ਚਪੇੜਾਂ ਮਾਰੀਆਂ ਹਨ। ਅਗੋਂ ਲਈ ਇਸ ਦੁਨੀਆਂ ਦੇ ਪੀਰ ਵਲਾਂ ਭੈੜੀ ਨਜ਼ਰ ਵੀ ਨਾ ਕਰੀਂ ਜੋ ਵੀ ਨਾਨਕ ਦੇ ਹਥੋਂ ਨੁਕਸਾਨ ਹੋਵੇ ਮੈਂ ਜ਼ਿੰਦਗੀ ਭਰ ਅਦਾ ਕਰਾਂਗਾ। ਅਫਸੋਸ ਪਾਕਿਸਤਾਨ ਦੇ ਨੇਤਾ ਉਸ ਅਰਸ਼ੀ ਪ੍ਰੀਤਮ ਦੀ ਜੰਮਨ ਭੋਂ ਤੇ ਕਬਜ਼ਾ ਕਰਨ ਦੇ ਸੁਫਨੇ ਲੈ ਰਹੇ ਹਨ। ਹਰਗਿਜ਼ ਨਹੀਂ ਇਹ ਸਾਰੀ ਦੁਨੀਆਂ ਲਈ ਪਿਆਰਾਂ ਦਾ ਕੇਂਦਰ ਹੈ ਤੇ ਸਾਂਝਾ ਹੈ।

## ਨਨਕਾਣਾ ਸਾਹਿਬ ਜੀ

ਜਿਸਤਰਾਂ ਦਸਵੇਂ ਪਾਤਸ਼ਾਹ ਦੇ ਪਾਵਨ ਸ਼ਸਤਰ ਖਰੀਦੇ ਸਨ ਮੁਲ ਵੀ ਜੇ ਭਾਰਤ ਸਰਕਾਰ ਖ਼ਰੀਦਨਾ ਚਾਹੇ ਤਾਂ ਸਿਖ ਸ਼ਰਧਾਲੂ ਵਧ ਤੋਂ ਵਧ ਮਾਇਕ ਸ਼ਹਾਇਤਾ ਦੇਣ ਨੂੰ ਸੰਕੋਚ ਨਹੀਂ ਕਰਨਗੇ। ਜੇ ਸਾਰੀ ਦੁਨੀਆਂ ਵਿਚ ਇਸ ਸਾਲ ਇਹ ਗੁਰਪੁਰਬ ਮਨਾਏ ਜਾਣ ਦਾਅ ਚਾ ਹੈ ਤਾਂ ਤੁਰਤ ਹੀ ਸਾਰੀਆਂ ਪਾਬੰਦੀਆਂ ਹਟਾਉਣ ਦੀ ਸਾਡੀ ਆਪਣੀ ਸਰਕਾਰ ਤੇ ਧਾਰਮਕ ਨੇਤਾਵਾਂ ਨੂੰ ਵਿਚਾਰ ਕਰਨੀ ਚਾਹੀਦੀ ਹੈ। ਸਤਿਗੁਰ ਨਾਨਕ ਦੇਵ ਜੀ ਦਾ ਪ੍ਰਕਾਸ਼ ਓਦੋਂ ਹੋਇਆ ਜਦੋਂ ਸੰਸਾਰ ਈਰਖਾ ਦੀ ਭੱਠੀ ਵਿਚ ਝੁਲਸ ਹੋ ਰਿਹਾ ਸੀ। ਮਸਜਿਦਾਂ ਵਿਚ ਕਾਜ਼ੀ ਤੇ ਮੰਦਰਾਂ ਵਿਚ ਪੰਡਤ ਬਗਲੇ ਭਗਤ ਬਣੀ ਦੁਨਿਆਵੀ ਜੀਵਾਂ ਨੂੰ ਮਛੀਆਂ ਦੀ ਤਰਾਂ ਹੜੱਪ ਕਰ ਰਹੇ ਸੀ। ਖੁਦਗਰਜ਼ਾਂ ਨੇ ਮਾਇਆ ਦੇ ਜਾਲ ਤਾਣ ਕੇ ਸਮਾਜ


www.AKJ.Org

ਵਿਚ ਜ਼ੁਲਮੀ ਤੇਗ ਵਗਾ ਛਡੀ ਸੀ । ਬਾਬਰ ਜਿਸ ਨੂੰ ਕਰਤਾਰ ਨੇ ਇਨਸਾਫ ਲਈ ਤਖਤ ਦਾ ਬਾਦਸ਼ਾਹ ਬਣਾ ਕੇ ਘੱਲਿਆ ਸੀ ਸ਼ਾਹੀ ਹਕੂਮਤ ਦੇ ਨਸ਼ੇ ਵਿਚ ਉਹ ਹਿੰਦੂਆਂ ਤੇ ਜ਼ੁਲਮੀ ਤਲਵਾਰ ਗਾਜਰ ਮੂਲੀ ਦੀ ਤਰ੍ਹਾਂ ਚਲਾਕੇ ਸਾਰੇ ਹਿੰਦੁਸਤਾਨ ਨੂੰ ਤੁਰਕ ਕਰਨਾ ਚਾਹੁੰਦਾ ਸੀ । ਰੱਬ ਦੇ ਪਿਆਰੇ ਸਾਧੂ ਫ਼ਕੀਰ ਬਾਬਰ ਨੇ ਲੱਭ ਲੱਭ ਕੇ ਆਪਣੇ ਕੈਦੀ ਬਣਾ ਛਡੇ ਸਨ । ਧਰਤੀ ਪਾਪਾਂ ਨਾਲ ਕੰਬ ਰਹੀ ਸੀ ।

ਸਤਿਗੁਰੂ ਨਾਨਕ ਦੇਵ ਜੀ ਤਾਂ ਸਚਾ ਹੁਕਮ ਅਕਾਲ ਪੁਰਖ ਤੋਂ ਲੈ ਕੇ ਸੰਸਾਰ ਵਿਚ ਪ੍ਰਗਟੇ ਸਨ । ਗਊ ਸੂਰ ਦੀਆਂ ਕਸਮਾਂ ਖਾ ਖਾ ਕੇ ਜਰਵਾਣੇ ਧਾੜਵੀ ਜੰਤਾ ਦਾ ਖ਼ੂਨ ਪੀ ਰਹੇ ਸਨ । ਗੁਰੂ ਨਾਨਕ ਦੇਵ ਜੀ ਨੇ ਬਾਬਰ ਨੂੰ ਹਰ ਜ਼ੁਲਮੋਂ ਰੋਕ ਕੇ ਸ਼ਾਂਤ ਵਰਤਾਈ ਤੇ ਸਾਧੂਆਂ ਫ਼ਕੀਰਾਂ ਨੂੰ ਕੈਦੋਂ ਕਢਿਆ । ਹਿੰਦੂ ਤੁਰਕ ਦੋਨੋਂ ਰਾਹ ਛਡ ਕੇ ਗੁਰੂ ਬਾਬਾ ਜੀ ਨੇ ਸਿਖੀ ਪੰਥ ਚਲਾਇਆ ਜੋ ਦਸਵੇਂ ਜਾਮੇ ਵਿਚ ਖਾਲਸੇ ਦੇ ਰੂਪ ਵਿਚ ਜ਼ਹੂਰ ਪਜ਼ੀਰ ਹੋਇਆ । ਗੁਰੂ ਨਾਨਕ ਦੇਵ ਜੀ ਨੇ ਭਾਈ ਲਾਲੋ ਦੇ ਕੋਧਰੇ ਵਿਚੋਂ ਦੁਧ ਕਢ ਕੇ ਤੇ ਮਲਕ ਭਾਗੋ ਹੰਕਾਰੀ ਦੇ ਭੋਜਨ ਵਿਚੋਂ ਲਹੂ ਨਚੋੜ ਕੇ ਮਹਾਨ ਆਦਰਸ਼ ਸੰਸਾਰ ਦੇ ਮੂਹਰੇ ਰਖਿਆ ਜ਼ੁਲਮੀ ਪ੍ਰਬਤ ਪੰਜੇ ਤੇ ਠਲਣੇ ਨਾਨਕੀ ਦੇ ਪਿਆਰੇ ਵੀਰ ਦੀ ਹੀ ਕਿਰਤ ਕਹੀ ਜਾ ਸਕਦੀ ਹੈ । ਗੁਰੂ ਨਾਨਕ ਦੇਵ ਜੀ ਨੇ ਇਕ ਮਹਾਨ ਜਿਤ ਇਹ ਪ੍ਰਾਪਤ ਕੀਤੀ ਕਿ ਧੁਰ ਕੀ ਬਾਣੀ ਦੇ ਬਾਣ ਚਲਾ ਕੇ ਕਲਜੁਗ ਨੂੰ ਕਾਬੂ ਕਰ ਲਿਆ ਤੇ ਬਚਨ ਲਿਆ ਸੀ ਕਿ ਕਲਜੁਗ ਤੂੰ ਸਾਡੇ ਸਿਖਾਂ ਦੇ ਅਖੰਡ ਕੀਰਤਨ ਵਿਚ ਨਹੀਂ ਜਾਣਾ ਬਲਕਿ ਸੰਗਤ ਦੇ ਜੋੜਿਆਂ ਵਿਚ ਖੜੇ ਰਹਿਣਾ ਜਦੋਂ ਕੀਰਤਨ ਦਾ ਭੋਗ ਪਵੇਗਾ ਤਾਂ ਤੂੰ ਸੰਗਤ ਵਿਚ ਵੜੇਂਗਾ ਤਾਂ ਤੈਨੂੰ ਸੰਗਤ ਕਾ ਡਿਗਿਆ ਹੋਇਆ ਜੂਠਾ ਪ੍ਰਸ਼ਾਦਿ ਨਸੀਬ ਹੋਵੇਗਾ । ਸੋ ਉਹ ਬਚਨ ਪ੍ਰਤੱਖ ਹੈ ਜਿਥੇ ਗੁਰੂ ਕੀ ਬਾਣੀ ਦਾ ਕੀਰਤਨ ਹੁੰਦਾ ਰਹੇਗਾ ਓਥੇ ਕਲਜੁਗ ਹਥ ਜੋੜਕੇ ਸੰਗਤ ਦੇ ਜੋੜਿਆਂ ਵਿਚ ਖੜਾ ਰਹੇਗਾ । ਇਹ ਕਰਿਸ਼ਮਾਂ ਗੁਰੂ ਬਾਬੇ ਨੇ ਕਮਾਲ ਕਰਕੇ ਦਿਖਲਾਇਆ । ਕੌਡੇ ਰਾਖਸ਼ ਦੇ ਤਪਦੇ ਕੜਾਹੇ ਠੰਢੇ ਸੀਤ ਕਰਕੇ ਸੇਵਕ ਮਰਦਾਨੇ ਦੀ ਰਖਿਆ ਉਸ ਅਰਸ਼ੀ ਪ੍ਰੀਤਮ ਨੇ ਕੀਤੀ ਸੀ ।

ਅਜ ਜਦੋਂ ਭਾਰਤ ਵਰਸ਼ ਵਿਚ ਆਜ਼ਾਦੀ ਦਾ ਝੰਡਾ ਝੁਲ ਰਿਹਾ ਹੈ ਕਿਤਨੀ ਦੁਖ ਵਾਲੀ ਗਲ ਹੈ ਕਿ ਉਸ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੇ ਪੂਰਨਿਆਂ ਨੂੰ ਭੁਲ ਕੇ ਕਈ ਖੁਦਗਰਜ਼ ਗੁਰੂ ਡੰਮ ਬਣਾ ਕੇ ਇਕਲੇ ਹੀ ਨਾਮ ਨਾਤੇ ਬਣੇ ਬੈਠੇ ਹਨ ਜੋ ਕਿ ਸਰਾ ਸਰ ਹੀ ਗੁਰੂ ਨਾਨਕ ਤੇ ਅਕਾਲ ਪੁਰਖ ਦੇ ਸ਼ਰੀਕ ਹਨ । ਕਈ ਕਚੇ ਗੁਰੂ ਤਾਂ ਪ੍ਰਚਾਰ ਕਰ ਰਹੇ ਹਨ ਕਿ ਅਸੀਂ ਗੁਰੂ ਨਾਨਕ ਦੀ ਜੋਤ ਹਾਂ । ਆਓ ਸਾਥੋਂ ਨਾਮ ਲੈਕੇ ਮੋਖਸ਼ ਮਾਰਗ ਨੂੰ ਪ੍ਰਾਪਤ ਕਰੋ । ਜੋ ਭਾਰਤ ਸਰਕਾਰ ਦਾ ਗੁਰੂ ਨਾਨਕ ਤੇ ਪੂਰਨ ਭਰੋਸਾ ਹੈ ਕਿ ਉਹ ਸਾਰੀ ਦੁਨੀਆਂ ਲਈ ਹੀ ਸਾਂਝੇ ਗੁਰੂ ਹਨ ਤਾਂ ਉਹ ਉਹਨਾਂ ਦੇ ਸ਼ਰਧਾਲੂਆਂ ਨੂੰ ਫ਼ਿਰਕੂ ਕਿਉਂ ਤਸਵਰ ਕਰਦੀ ਹੈ । ਗੁਰੂ ਨਾਨਕ ਨੂੰ ਜੋ ਸਾਂਝਾ ਗੁਰੂ ਖਿਆਲ ਕਰੇਗਾ ਅਵਸ਼ ਉਹ ਉਹਨਾਂ ਦੇ ਸਿਖਾਂ ਨਾਲ ਪਿਆਰ ਕਰੇਗਾ । ਗੁਰੂ ਨਾਨਕ ਜੀ ਜਟਾ ਜੂਟ ਸਨ ਤੇ ਉਹੀ ਨੂਰੀ ਜਲਵਾ ਦਸਾਂ ਜਾਮਿਆਂ ਵਿਚ ਕੌਤਕ ਦਰਸਾਂਦਾ ਵਰਸਾਂਦਾ ਖਾਲਸੇ ਕੇ ਰੂਪ ਵਿਚ ਅਭੇਦ ਹੋ ਗਿਆ ਸੀ । ਇਥੇ ਇਹ ਗਲ ਖਾਸ ਧਿਆਨ ਯੋਗ ਹੋਵੇਗੀ ਕਿ ਕਈ ਮਨਮਤ ਵਾਲੇ ਗੁਰੂ


www.AKJ.Org

ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਵਖਰੀ ਨਜ਼ਰਾਂ ਨਾਲ ਦੇਖ਼ ਰਹੇ ਹਨ ਇਸ ਤੋਂ ਬੁਰਿਆਈ ਹੋਰ ਕੀ ਹੋਣੀ ਹੈ ਜਿਸ ਨੇ ਸਾਂਝੀਵਾਲਤਾ ਨੂੰ ਕਾਇਮ ਰਖਣ ਲਈ ਸਾਰੇ ਦਾ ਸਾਰਾ ਕੁਨਬਾ ਕੁਰਬਾਨ ਕਰ ਦਿਤਾ ਸੀ। ਉਸਦੇ ਪੂਰਨਿਆਂ ਨੂੰ ਵਖ ਕੀਤਾ ਜਾਵੇ। ਜੇ ਰਾਏ ਬੁਲਾਰ ਨੇ ਪਿਆਰਿਆ ਪਹਿਲੀ ਜੋਤ ਗੁਰੂ ਨਾਨਕ ਦੇਵ ਜੀ ਨੂੰ ਤਾਂ ਓਹੀ ਕੌਤਕ ਅਗੇ ਨੂੰ ਭਲੀ ਭੂਤ ਹੁੰਦੇ ਰਹੇ। ਪੰਜਵੀਂ ਜੋਤ ਗੁਰੂ ਅਰਜਨ ਦੇਵ ਜੀ ਨਾਲ ਸਾਂਈ ਮੀਆਂ ਮੀਰ ਦਾ ਪਿਆਰ ਕੋਈ ਘਟ ਰਿਹਾ ਸੀ? ਇਸੇਤਰਾਂ ਮਖਨ ਸ਼ਾਹ ਲੁਬਾਣੇ ਨੇ ਨੌਵੇਂ ਸਤਿਗੁਰਾਂ ਨੂੰ ਬਾਬੇ ਬਕਾਲੇ ਪਰਖਿਆ ਸੀ। ਦਸਵੇਂ ਜਾਮੇਂ ਵਿਚ ਉਹੀ ਗੁਰੂ ਨਾਨਕ ਦੇਵ ਜੀ ਗੁਰੂ ਗੋਬਿੰਦ ਸਿੰਘ ਜੀ ਹੋਕੇ ਪ੍ਰਗਟ ਹੋਏ ਤੇ ਉਹਨਾਂ ਨੂੰ ਚੌਹਾਂ ਵਰਨਾਂ ਨੇ ਪਿਆਰਿਆ ਤੇ ਸਤਿਕਾਰਿਆ। ਰਾਏ ਬੁਲਾਰ ਦਾ ਖਿੰਡਿਆ ਪਿਆਰ ਬੁਧੂ ਸ਼ਾਹ ਰਾਹੀਂ ਫਿਰ ਗੁਰੂ ਸਾਹਿਬ ਨੂੰ ਪ੍ਰਾਪਤ ਹੋਇਆ ਬੁਧੂ ਸ਼ਾਹ ਨੇ ਭੰਗਾਨੀ ਦੇ ਯੁਧ ਅੰਦਰ ਆਪਣੇ ਪੁਤਰਾਂ ਨੂੰ ਗੁਰੂ ਸਾਹਿਬ ਜੀ ਦੇ ਅਰਪਨ ਕੀਤਾ।

ਸਮਝਨ ਦੀ ਲੋੜ ਹੈ ਕਿ ਸਾਰੀ ਸਰਿਸ਼ਟੀ ਦਾ ਇਕੋ ਮਾਲਕ ਤੇ ਕਾਦਰ ਕਰਤਾ ਰ ਹੈ। ਓਹੀ ਗੁਰਮੰਤਰ ਦਸਮੇਸ਼ ਜੀ ਨੇ ਆਪਣੇ ਪੰਜਾਂ ਸਿੰਘਾਂ ਵਿਚ ਪ੍ਰਵੇਸ਼ ਕਰਕੇ ਹੋਰ ਦੇਹ ਧਾਰੀਆਂ ਹਥੋਂ ਗਰੀਬ ਜੰਤਾ ਨੂੰ ਬਚਾ ਲਿਆ ਜੇ ਕਰ ਹਿੰਦੂ ਮੁਸਲਮਾਨ ਈਸਾਈ ਇਸ ਬਾਤ ਨੂੰ ਤਸਲੀਮ ਕਰ ਲੈਣ ਕਿ ਗੁਰੂ ਨਾਨਕ ਸਾਰੀ ਦੁਨੀਆਂ ਲਈ ਸਾਂਝਵਾਲਤਾ ਕਾਇਮ ਕਰਨ ਲਈ ਆਏ ਸੀ ਤੇ ਸਾਂਝਾ ਉਪਦੇਸ਼ ਗੁਰੂ ਦੀ ਬਾਣੀ ਰਾਹੀਂ ਹੀ ਪ੍ਰਭਾਵਤ ਹੋ ਸਕਦਾ ਹੈ।

'ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡਿ ਅਵਰ ਨ ਕੋਇ' ਮਹਾਂਵਾਕ ਅਨੁਸਾਰ ਅਕਾਲ ਪੁਰਖ ਜੀ ਨੇ ਧੁਰੋਂ ਹੀ ਐਸੀ ਪਵਿਤਰ ਬਾਣੀ ਸਤਿਗੁਰੂਆਂ ਦੀ ਰਸਨਾਂ ਤੋਂ ਗਾਇਨ ਕਰਵਾਈ ਕਿਹ ਕਲਜੁਗ ਵਿਚ ਸਤਿਯੁਗ ਵਰਤ ਗਿਆ।

ਦੁਨੀਆਂ ਵੇਦਾਂ ਸਿਮਰਤੀਆਂ ਸ਼ਾਸਤਰਾਂ ਨੂੰ ਅੰਜੀਲ ਵੀ ਪੜ੍ਹ ਥੱਕੀ ਪਰ ਸਰਬਤ ਦੇ ਭਲੇ ਦਾ ਨਾਅਰਾ ਗੁਰੂ ਨਾਨਕ ਦੇਵ ਜੀ ਦੀ ਰਸਨਾਂ ਤੋਂ ਹੀ ਨਿਕਲਿਆ। ਗੁਰੂ ਨਾਨਕ ਦੇਵ ਜੀ ਦੀ ਬਾਣੀ ਹੀ ਅਜ ਕਲਜੁਗੀ ਜੀਵਾਂ ਦੇ ਹਿਰਦਿਆਂ ਵਿਚ ਸ਼ਾਂਤ ਪਾ ਸਕਦੀ ਏ। ਇਹ ਗਲ ਬੜੀ ਹਾਸੋਹੀਣੀ ਹੈ ਕਿ ਗੁਰਬਾਣੀ ਦੇ ਪਾਠੀ ਵੀ ਅਜ ਮਾਇਆ ਦੀ ਕਿਲੀ ਦੁਆਲੇ ਘੁੰਮ ਰਹੇ ਹਨ। ਉਹ ਪ੍ਰਚਾਰ ਜਿਸ ਦੀ ਕੀਮਤ ਹੀ ਵਸੂਲ ਕਰ ਲਈ ਉਸਦਾ ਪ੍ਰਭਾਵ ਹਰਗਿਜ਼ ਨਹੀਂ ਪੈ ਸਕਦਾ। ਸਤਿਗੁਰੂ ਨਾਨਕ ਦੇਵ ਜੀ ਦੇ ਪਵਿਤਰ ਕੜਾਹ ਪ੍ਰਸ਼ਾਦ ਵਿਚ ਅਜ ਨਕਲੀ ਘਿਉ ਪੈਣ ਲਗ ਪਿਆ ਹੈ। ਜਿਨ੍ਹਾਂ ਨੂੰ ਜਿਸ ਤਰਾਂ ਚੰਗਾ ਲਗਦਾ ਹੈ ਕਰ ਲੈਂਦੇ ਹਨ ਪਰ ਕੋਈ ਕਾਰਜ ਵੀ ਅਸੂਲਾਂ ਤੋਂ ਬਗੈਰ ਅਧੂਰਾ ਹੀ ਰਹਿੰਦਾ ਹੈ। ਗੁਰਬਾਣੀ ਤਾਂ ਜੀਵ ਆਤਮਾਂ ਦੀ ਖੁਰਾਕ ਹੈ ਇਸ ਵਿਚ ਅਪਨਾ ਹੀ ਰੱਬੀ ਰਸ ਹੈ ਇਸ ਨੂੰ ਝੂਠੀ ਮਾਇਆ ਦੀ ਲੋੜ ਹੀ ਨਹੀਂ ਕਈ ਪਾਠੀ ਅਖੰਡ ਪਾਠ ਦੀ ਸੇਵਾ ਚੌਹਾਂ ਪੰਜਾਂ ਜਗਾ ਨਿਭਾ ਦਿੰਦੇ ਹਨ ਤੇ ਰੁਪੈਆਂ ਦੀ ਗਿਣਤੀ ਕਰਨ ਲਗ ਪੈਂਦੇ ਹਨ। ਇਕ ਥਾਂ ਅਸੀਂ ਦੋ ਪਾਠੀ ਮਸਾਂ ਮਸਾਂ ਲੜਨ ਤੇ ਠਾ ਠਾ ਤੋਂ ਬਚਾਏ ਇਕ ਕਹੇ ਚੜ੍ਹਾਵੇ ਦੇ ਬੂਟ ਮੈਂ ਲੈਣੇ ਹਨ ਦੂਜਾ ਕਹੇ ਪਗੜੀ ਲੈ ਲੈ, ਪੈਰ ਮੇਰੇ ਵੀ ਨੰਗੇ ਹਨ ਮੈਂ ਬੂਟ ਨਹੀਂ ਦੇਣੇ। ਮੈਂ ਕਿਹਾ ਜਿਸ ਨੂੰ ਘਰ ਵਾਲਿਆਂ ਪੌਣ ਨੂੰ ਭੇਟਾ ਕੀਤੇ ਹਨ ਉਹ ਕੀ ਕਰੂ ਬੜੇ ਸ਼ਰਮਸਾਰ ਹੋਏ ਉਹ ਦੋਨੋਂ ਮਾਇਆ ਦੇ ਪ੍ਰਵਾਨੇ। ਅਜੀਬ ਹਾਲਾਤ ਹੁੰਦੇ ਜਾ ਰਹੇ ਹਨ।


www.AKJ.Org

# ਗਿਆਨ ਤੇ ਭਗਤੀ

ਪ੍ਰਿੰਸੀਪਲ ਮੇਹਰ ਸਿੰਘ ਜੀ ਰੇਸਕੋਰਸ, ਡੇਹਰਾਦੂਨ

ਗਿਆਨ ਇਕ ਐਸਾ ਸ਼ਬਦ ਹੈ ਜਿਹੜਾ ਕਿ ਬਹੁਤ ਕਿਸਮ ਦੇ ਭਾਵਾਂ ਦਾ ਬੋਧਕ ਹੈ। ਸਾਡਾ ਆਮ ਬੋਲ ਚਾਲ ਵਿਚ 'ਗਿਆਨ' ਸ਼ਬਦ ਵਰਤਿਆ ਹੋਇਆ, ਕਿਸੇ ਵਸਤੂ, ਮਨੁਖ, ਅਸਥਾਨ ਦੀ ਜਾਣਕਾਰੀ ਦਾ ਭਾਵ ਪ੍ਰਗਟ ਕਰਦਾ ਹੈ। ਕਦੀ ਕਦੀ ਸਾਡੀ ਸਾਧਾਰਨ ਬੋਲੀ ਵਿਚ ਇਸਤੋਂ ਭਾਵ ਧਾਰਮਕ ਗਲਾਂ ਦੀ ਜਾਣਕਾਰੀ ਵੀ ਹੁੰਦਾ ਹੈ। ਅਸੀਂ ਇਸ ਸ਼ਬਦ ਨੂੰ ਆਮ ਤੌਰ ਤੇ ਹਰ ਥਾਂ ਵਰਤਣ ਕਰਕੇ ਇਸ ਸ਼ਬਦ ਦੇ ਅਸਲੀ ਭਾਵ ਸੰਬੰਧੀ ਆਪਣੇ ਖ਼ਿਆਲਾਂ ਦੀ ਦੌੜ ਇਤਨੇ ਸੰਕੁਚਤ ਦਾਇਰੇ ਵਿਚ ਹੀ ਸੀਮਤ ਰਖਦੇ ਹਾਂ ਤੇ ਇਹੋ ਹੀ ਕਾਰਨ ਹੈ ਕਿ ਜਦੋਂ ਵੀ ਅਸੀਂ ਇਹ ਸ਼ਬਦ ਗੁਰਮਤਿ ਦੇ ਸੰਬੰਧ ਵਿਚ ਵਰਤਿਆ ਹੋਇਆ ਸੁਣਦੇ ਹਾਂ, ਅਸੀਂ ਇਸ ਦੀ ਮਹੱਤਤਾ ਨੂੰ ਠੀਕ ਨਹੀਂ ਸਮਝ ਸਕਦੇ। ਦੁਨਿਆਵੀ ਵਸਤੂਆਂ ਦੇ ਬਾਰੇ ਗਿਆਨ ਹੋਣਾ ਜ਼ਰੂਰੀ ਹੈ ਇਸ ਦੀ ਹੱਦ ਪਰ੍ਹੇ ਤੋਂ ਪਰ੍ਹੇ ਹੈ ਜਿਸ ਦਾ ਸਬੂਤ ਮਨੁਖ ਦੀਆਂ ਆਪਣੀਆਂ ਅਜੀਬ ਅਜੀਬ ਖੋਜਾਂ ਤੇ ਸਾਇੰਸ ਦੇ ਕਰਿਸ਼ਮੇ ਹਨ। ਦੁਨੀਆਵੀ ਤੇ ਸਾਧਾਰਨ ਗਿਆਨ ਵਾਸਤੇ ਉਸਤਾਦ ਦਾ ਹੋਣਾ ਜ਼ਰੂਰੀ ਹੈ ਤੇ ਨਾਲ ਨਾਲ ਤਜਰਬਾ ਹੋਣਾ ਵੀ ਇਸ ਗਿਆਨ ਦਾ

---

*ਸਮੇਂ ਦੀ ਪੁਕਾਰ ਹੈ ਕਿ ਕੁਝ ਐਸੇ ਕਾਨੂੰਨ ਸਰਕਾਰੀ ਤੌਰ ਤੇ ਵੀ ਲਾਗੂ ਕੀਤੇ ਜਾਣ ਜਿਸ ਨਾਲ ਪਤਤਿ ਹੋ ਰਹੀ ਗੁਰੂ ਨਾਨਕ ਦੀ ਸਿਖੀ ਵਿਚ ਜਾਗਰਤ ਆ ਜਾਵੇ। ਇਹ ਕੋਈ ਸਰਕਾਰ ਦੀ ਵਡਿਆਈ ਤਾਂ ਨਹੀਂ ਕਿ ਦਾੜ੍ਹੀਆਂ ਕੇਸਾਂ ਦਾ ਸਰੇ ਬਾਜ਼ਾਰ ਸਫਾਇਆ ਹੋ ਰਿਹਾ ਹੈ ਤੇ ਕਈ ਕਿਰਮ ਜੰਤ ਦਾੜ੍ਹੀਆਂ ਕੇਸਾਂ ਵਾਲੇ ਸਿਗਰਟ ਤੰਬਾਕੂ ਵਿਚ ਆਤਮਾ ਦਾ ਘਾਤ ਕਰ ਰਹੇ ਹਨ। ਸਾਡੇ ਗੁਰਮਤ ਆਸ਼ੇ ਅਨੁਸਾਰ ਤਾਂ ਐਸੇ ਪੁਰਸ਼ਾਂ ਨੂੰ ਸਖਤ ਸਜ਼ਾ ਹੋਣੀ ਚਾਹੀਦੀ ਹੈ ਤਾਕਿ ਬਾਕੀ ਸਿਖ ਜੰਤਾ 'ਚ ਉਲਟਾ ਅਸਰ ਨ ਪਵੇ। ਹੁਣ ਪੰਜਾਬੀ ਸੂਬੇ ਵਿਚ ਪੰਜਾਬੀ ਅਖਰ ਸਕੂਲਾਂ ਦਫਤਰਾਂ ਵਿਚ ਕਾਗਜ਼ਾਂ ਤੇ ਲਿਖੇ ਜਾਣਗੇ ਤੇ ਉਹੀ ਕਾਗਜ਼ ਸਾਡੇ ਦੁਕਾਨਦਾਰ ਤੰਬਾਕੂ ਪਾ ਪਾਕੇ ਪੁੜੀਆਂ ਬਨਾਉਣਗੇ ਤੇ ਵੇਚਨਗੇ। ਕਾਫ਼ੀ ਦੁਰਦਿਸ਼ਾ ਹੋਵੇਗੀ ਗੁਰੂਆਂ ਦੇ ਬਣਾਏ ਹੋਏ ਅਖਰਾਂ ਦੀ। ਧੂਮਰ ਦੀ ਵਾਦੀ ਬੜੇ ਜ਼ੋਰਾਂ ਤੇ ਅਪੜ ਗਈ ਹੈ ਇਸ ਬਾਰੇ ਤੁਰਤ ਕੋਈ ਨਿਖਰਵਾਂ ਯੋਗ ਕਦਮ ਚੁਕਣਾ ਚਾਹੀਦਾ ਹੈ ਇਸ ਨੇ ਸਿਖ ਹਿਰਦੇ ਛਲਣੀ ਕਰ ਛਡੇ ਹਨ। ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਵਸ ਮਨਾਣ ਤੋਂ ਪਹਿਲੋਂ ਸਿਖੀ ਦੇ ਯੋਗ ਨਿਯਮਾਂ ਵਲ ਝਾਤੀ ਮਾਰਨੀ ਅਵਸ਼ਕ ਜ਼ਰੂਰੀ ਹੈ ਐਸਾ ਨਾਂ ਹੋਵੇ 'ਗਲੀ ਅਸੀ ਚੰਗੀਆ ਆਚਾਰੀ ਬੁਰੀਆ।'

—o—



www.AKJ.Org

ਇਕ ਉਤਮ ਅੰਗ ਹੈ। ਇਸ ਦੇ ਬਾਰੇ ਕਿਹਾ ਵੀ ਗਿਆ ਹੈ। 'ਜ਼ਮਾਨਾ ਬੇਹਤਰੀਨ ਉਸਤਾਦ ਹੈ, ਦੁਨੀਆਂ ਬੇਹਤਰੀਨ ਕਿਤਾਬ' ਅਰਥਾਤ ਅਸੀਂ ਦੁਨੀਆਂ ਰੂਪੀ ਪੁਸਤਕ ਵਿਚੋਂ, ਜ਼ਮਾਨੇ ਰੂਪੀ ਉਸਤਾਦ ਦੀ ਰਾਹੀਂ ਪੜ੍ਹ ਕੇ ਆਪਣੇ ਜੀਵਨ ਨੂੰ ਕਾਮਯਾਬ ਬਨਾਉਣ ਲਈ ਦੁਨੀਆਵੀ ਗਿਆਨ ਪ੍ਰਾਪਤ ਕਰ ਸਕਦੇ ਹਾਂ।

ਆਉ! ਹੁਣ ਅਸੀਂ ਦੇਖੀਏ ਕਿ ਆਤਮਕ ਗਿਆਨ ਕਿਸ ਤਰ੍ਹਾਂ, ਕਿਸ ਸਮੇਂ, ਕਿਸ ਕੋਲੋਂ ਤੇ ਕਿਹੋ ਜੇਹੀ ਅੰਦਰਲੀ ਬੁਧੀ ਨਾਲ ਪ੍ਰਾਪਤ ਹੁੰਦਾ ਹੈ। ਆਤਮਕ ਮਾਰਗ ਤੇ ਚਲਣ ਵਾਲੇ ਮਹਾਂਪੁਰਸ਼, ਸੰਤ ਤੇ ਹੋਰ ਉਚੀ ਬਿਰਤੀਆਂ ਵਾਲੇ ਮਨੁਖ, ਆਪਣਾ ਅੱਡੀ ਚੋਟੀ ਦਾ ਜ਼ੋਰ ਲਗਾਉਂਦਿਆਂ ਹੋਇਆਂ ਵੀ, ਮਨੁਖ ਦੀ ਅੰਦਰ ਦੀ ਘੁੰਡੀ (ਕਠੋਰਤਾ) ਪੂਰੀ ਤਰ੍ਹਾਂ ਨ ਖੋਲ੍ਹ ਸਕੇ। ਜੇ ਕਿਸੇ ਹੱਦ ਤਕ ਖੋਲ੍ਹ ਵੀ ਸਕੇ ਤਾਂ ਉਹ ਬਹੁਤ ਹੀ ਘਟ ਫੀ ਸਦੀ ਲਈ। ਇਸ ਦਾ ਕਾਰਨ ਕੁਝ ਤਾਂ ਸਾਡੇ ਕਲਜੁਗੀ ਜੀਵਾਂ ਦੇ ਆਪਣੇ ਕਰਮਾਂ ਤੇ ਜ਼ਿਆਦਾ ਤੋਰ ਤੇ ਸਾਡੀ ਆਪਣੀ ਆਲਸੀ ਬੁਧੀ ਹੋ ਸਕਦੇ ਹਨ। ਸਾਡੇ ਅੰਦਰ ਦੋ ਸੈਲਫ਼ ਹਨ ਜਿਨ੍ਹਾਂ ਨੂੰ ਅੰਗਰੇਜ਼ੀ ਵਿਚ Commanding Self ਤੇ Reproaching self ਆਖਦੇ ਹਨ। ਇਹਨਾਂ ਦਾ ਯੁਧ ਹੀ ਖ਼ਤਮ ਨਹੀਂ ਹੁੰਦਾ। ਜਦੋਂ ਅਸੀਂ ਕੋਈ ਚੰਗਾ ਕੰਮ ਕਰਨ ਲਗਦੇ ਹਾਂ ਤੇ Commandnig self ਅਗੇ ਵਧ ਕੇ Reproaching self ਦੀ warning ਰੂਪੀ ਆਵਾਜ਼ ਨੂੰ ਬੰਦ ਕਰ ਦੇਂਦਾ ਹੈ ਤੇ ਅਪਣੀ ਹੂੜ-ਮਤ ਕਰਦਾ ਹੈ। ਉਸਤੋਂ ਮਗਰੋਂ ਫੇਰ ਵੀ ਕਈ ਵੇਰਾਂ ਐਸਾ ਹੀ ਕਰਦਾ ਕਰਦਾ ਉਹ Reproaching self ਦੀ ਆਵਾਜ਼ ਨੂੰ ਐਸਾ ਬੰਦ ਕਰ ਦੇਂਦਾ ਹੈ ਕਿ ਉਸ ਦੀ ਆਵਾਜ਼ ਦੀ ਸ਼ਕਤੀ ਸੂਤ ਦੇ ਕਚੇ ਧਾਗੇ ਤੋਂ ਵੀ ਕਮਜ਼ੋਰ ਹੋ ਜਾਂਦੀ ਹੈ, ਤੇ ਕੁਝ ਸਮਾਂ ਪਾ ਕੇ ਸਾਡੇ ਵਰਗੇ ਮਨਮੁਖਾਂ ਦਾ ਹਾਲ ਐਸਾ ਹੋ ਜਾਂਦਾ ਹੈ ਕਿ ਗੁਰਮਤਿ ਵਲ ਆਉਣ ਵੇਲੇ ਸਾਨੂੰ ਸ਼ਰਮ ਆਉਂਦੀ ਹੈ ਅਸੀਂ ਬੁਰੇ ਕੰਮਾਂ ਲਈ ਤੱਤਪਰ ਹੋਏ ਰਹਿੰਦੇ ਹਾਂ। ਅਸੀਂ ਗੰਦਗੀ ਦੇ ਟੋਏ ਵਿਚ ਗਿਰ ਜਾਂਦੇ ਹਾਂ ਤਾਂ ਫਿਰ ਸਾਡਾ ਹਾਲ ਗੁਰਵਾਕ ਅਨੁਸਾਰ :—

ਸੌ ਉਲਾਹਮੇ ਦਿਵਸ ਕੇ ਰਾਤੀ ਮਿਲਣ ਸਹੰਸ ॥
ਸਿਫ਼ਤ ਸਲਾਹਿਨ ਛਡਕੇ ਕਰੰਗੀ ਲਗਾ ਹੰਸ ॥

ਐਸਾ ਹੋ ਜਾਂਦਾ ਹੈ ਅਸੀਂ ਆਪਣੇ ਆਪ ਤੋਂ ਵੀ ਬੇਸੁਰਤ ਹੋ ਜਾਂਦੇ ਹਾਂ। ਮਾਇਆ ਦਾ ਜਾਲ ਪੂਰੀ ਤਰ੍ਹਾਂ ਸਾਡੇ ਉਤੇ ਪੈ ਜਾਂਦਾ ਹੈ।

ਗੁਰਮਤਿ ਗਿਆਨ ਦੀ ਪ੍ਰਾਪਤੀ ਦਾ ਭਾਗੀ ਉਹੀ ਹੋ ਸਕਦਾ ਹੈ ਜੋ ਆਪਣੇ Reproaching self ਦੀ (Warning) ਚੇਤਾਵਨੀ ਦੀ ਆਵਾਜ਼ ਨੂੰ ਗਹੁ ਨਾਲ ਸੁਣਦਾ ਹੋਇਆ ਬੁਰਾਈ ਵਲ ਨ ਭਜੇ। ਆਪਣੇ ਆਪ ਨੂੰ ਹੋੜ ਲਵੇ ਤੇ ਹੰਭਲਾ ਮਾਰ ਕੇ ਕੁਕਰਮਾਂ ਦੇ ਚਿੱਕੜ ਤੇ ਜਿਲ੍ਹਣ ਵਿਚੋਂ ਨਿਕਲ ਜਾਵੇ।

ਇਸ ਤੋਂ ਸਿਟਾ ਨਿਕਲਿਆ ਕਿ ਜੇ ਅਸੀਂ ਅਪਣੇ ਮਨੋਂ ਗੁਰਮਤਿ ਵਿਚ ਆਉਣ ਦੀ ਚਾਹ ਰਖੀਏ, ਗੁਰਮਤਿ ਸਮਝਨਾਂ ਚਾਹੀਏ ਤਾਂ ਫੇਰ ਅਪਣੇ ਮਨ ਨੂੰ ਪਕਾ ਕਰਕੇ ਇਕ ਸਾਹਸੀ ਬੀਰ ਵਾਂਙੂ ਕਦਮ ਉਠਾਨਾ ਪਵੇਗਾ ਤਾਂ ਫੇਰ ਸਾਡੇ ਗੁਰੂ ਜੀ (Spiritual teacher) ਸਾਡੀ ਸਹਾਇਤਾ ਕਰਨਗੇ। ਗੁਰਵਾਕਾਨੁਸਾਰ:—'ਚਰਨ ਸਰਨ ਏਕ ਪੈਂਡਾ ਜਾਏ ਚਲ, ਤਾਹੇ ਗੁਰੁ ਕੋਟ ਪੈਂਡਾ ਅਗੇ ਹੋਇ ਲੇਤ ਹੈ......ਸਿਆਨਿਆਂ ਕਿਹਾ ਹੈ ਕਿ ਕਾਮਲ


www.AKJ.Org

ਇਰਾਦਾ (firm determination) ਹੀ ਕਾਮਯਾਬੀ ਦੀ ਪਹਿਲੀ ਸੀੜ੍ਹੀ ਹੈ । ਉਸਤੋਂ ਮਗਰੋਂ, ਦੇਖੋ ! ਅਨਭਵ ਗਵਾਹ ਹੈ ਬਹੁਤ ਸਾਰੇ ਗੁਰਮਤ ਦੇ ਜਾਣੂੰ ਸਜਣ ਤਾਂ ਆਪ ਹੀ ਸਮਝਦੇ ਹਨ ਕਿ ਫੇਰ ਸਾਡੇ ਵੀਚਾਰਾਂ ਨੂੰ ਗੁਰੂ ਕ੍ਰਿਪਾ ਦਾ ਤਾਜ਼ੀਆਨਾ (Whip) ਕੈਸਾ ਵਜਦਾ ਹੈ ਤੇ ਅਸੀਂ ਕਿਸ (Speed) ਚਾਲ ਨਾਲ ਅਗੇ ਵਧਦੇ ਹਾਂ ? ਸਾਨੂੰ ਉਹ ਘੁੰਡੀਆਂ ਜਿਹੜੀਆਂ ਕਿ ਕਈ ਉਸਤਾਦਾਂ ਕੋਲੋਂ ਵੀ ਨਹੀਂ ਖੁਲ੍ਹ ਸਕੇ, ਅਪਣੇ ਆਪ ਗੁਰੂ-ਕ੍ਰਿਪਾ ਤੇ ਓਟ ਦਵਾਰਾ ਕੈਸੇ ਸੁਚਜੇ ਤਰੀਕੇ ਨਾਲ ਖੁਲ੍ਹ ਜਾਂਦੀਆਂ ਦਿਸਨ ਲਗ ਪੈਂਦੀਆਂ ਹਨ ।

ਜੈਸਾ ਕਿ ਦਸਿਆ ਗਿਆ ਹੈ ਗੁਰਮਤਿ ਵਿਚ ਆਉਣ ਵਾਸਤੇ ਅਤੇ ਗੁਰਮਤਿ ਗਿਆਨ ਦਾ ਭਾਗੀ ਬਨਣ ਵਾਸਤੇ ਗੁਰ ਸਿਖ ਦਾ ਪਹਿਲਾ ਕੰਮ 'ਅਪਣੇ ਦਿਲ ਵਿਚ ਪ੍ਰਬਲ ਇਛਾ ਰਖਣਾ ਹੈ ਉਸਤੋਂ ਮਗਰੋਂ ਗੁਰੂ ਦਯਾ ਸਵਭਾਵਕ ਹੀ ਆ ਜਾਵੇਗੀ ।

ਗਿਆਨ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ । ਗੁਰਵਾਕ ਅਨੁਸਾਰ ਸੁਜਾਖਾ ਗਿਆਨ ਸੁਭ ਕਰਮਾਂ ਨਿਰੰਤਰ ਅਭਿਆਸ ਦਵਾਰਾ ਪ੍ਰਾਪਤ ਹੁੰਦਾ ਹੈ ਗਿਆਨੇ ਕਾਰਨ ਕਰਮ ਅਭਿਆਸ । ਗਿਆਨ ਭਯਾ ਤਾ ਕਰਮੇ ਨਾਸ'' ਕਰਮ ਕਰਨਾ ਬਹੁਤ ਜ਼ਰੂਰੀ ਹੈ । ਆਪਣੇ ਆਪ ਵਿਚ ਚੰਗੇ ਕਰਮਾਂ ਦ੍ਵਾਰਾ ਘਾਸੀ ਪਰਕੇ, ਫੇਰ ਉਸ ਤੋਂ ਮਗਰੋਂ ਪੈਦਾ ਹੋਇਆ ਹੋਇਆ ਗਿਆਨ ਹੀ ਆਤਮਕ ਗਿਆਨ ਸਫ਼ਲਤਾ ਦੇਨ ਵਾਲਾ ਜ਼ਾਹਿਰ ਹੁੰਦਾ ਹੈ । ਹੁਣ ਇਹ ਸਵਾਲ ਪੈਦਾ ਹੁੰਦਾ ਹੈ ਕਿ ਫਿਰ ਉਹ ਕਰਮ ਕੇਹੜਾ ਹੋਇਆ ਜੋ ਗਿਆਨ ਪ੍ਰਾਪਤੀ ਤੋਂ ਮਗਰੋਂ ਨਾਸ ਹੋ ਜਾਂਦਾ ਹੈ ? ਉਹ ਰਜੋ, ਤੇ ਤਮੋਂ ਗੁਨਾਂ ਵਾਲੇ ਕਰਮ ਹਨ ਜੋ ਨਾਸ ਹੋ ਜਾਂਦੇ, ਹਨ, ਸਤੋ ਗੁਣਾਂ ਵਾਲੇ ਕਰਮ ਨਾਲ ਹੀ ਰਹਿੰਦੇ ਹਨ ।

ਗਿਆਨ ਦੀ ਪ੍ਰਾਪਤੀ ਭਗਤੀ ਤੇ ਤਪ ਨਾਲ ਹੁੰਦੀ ਹੈ ਪਰ ਇਨ੍ਹਾਂ ਦੋਹਾਂ ਤੋਂ ਪੈਦਾ ਹੋਇਆ ਗਿਆਨ ਵਖੋ ਵਖਰੀ ਕਿਸਮ ਦਾ ਹੁੰਦਾ ਹੈ । ਤਪ ਨਾਲ ਪ੍ਰਾਪਤ ਕੀਤਾ ਹੋਇਆ ਗਿਆਨ ਪ੍ਰਬਲ (forceful) ਹੁੰਦਾ ਹੈ ਇਸ ਵਿਚ ਹਉਮੈ ਜਲਦੀ ਅ ਜਾਂਦੀ ਹੈ ਅਤੇ ਇਹ ਹਉਮੈ ਤਪ ਦਾ ਇਕ ਭਾਰੀ ਅੰਸ਼ ਹੁੰਦੀ ਹੈ । ਸ਼ਕਤੀ ਤੋਂ ਪੈਦਾ ਹੋਇਆ ਹੋਇਆ ਗਿਆਨ ਸ਼ਕਤੀ ਹੀ ਬਾਹਰ ਕਢੇਗਾ । ਆਪ ਨੇ ਪੜ੍ਹਿਆ ਹੋਵੇਗਾ ਕਿ ਵਡਿਆਂ ਕੋਲੋਂ ਕਈ ਵਾਰ ਸੁਨਿਆਂ ਵੀ ਹੋਵੇਗਾ ਕਿ ਵਡੇ ਵਡੇ ਤਪਸਵੀ ਗੁਸੇ ਵਿਚ ਆਕੇ ਸਰਾਫ਼ ਹੀ ਦੇਂਦੇ ਰਹੇ ਤੇ ਉਹਨਾਂ ਦੇ ਸਰਾਫ਼ ਦੇ ਫਟੇ ਹੋਏ ਕਈ ਲੋਗ ਆਤਮਕ ਜੀਵਨ ਵਿਚ ਫ਼ੇਰ ਉਠ ਹੀ ਨ ਸਕੇ । ਇਹ ਬੋਧਕ ਗਿਆਨ ਹੁੰਦਾ ਹੈ ਇਹ ਵਿਸ਼ਵਾਮਿਤਰ ਵਾਲਾ ਗਿਆਨ ਸੀ । ਕਹਿਨ ਤੋਂ ਇਹ ਭਾਵ ਨਹੀਂ ਕਿ ਇਹ ਗਿਆਨ ਠੀਕ ਨਹੀਂ ਹੁੰਦਾ । ਠੀਕ ਤੇ ਹੁੰਦਾ ਹੈ ਪਰ ਇਸ ਦੀ ਸੰਭਾਲ ਬਹੁਤ ਹੀ ਕਠਿਨ ਹੈ ਕਿਉਂ ਜੋ ਇਹ ਵਲਿਆਂ, ਕਾਬੂ ਨਹੀਂ ਰਹਿੰਦਾ । ਇਸ ਦੀ ਸੰਭਾਲ ਵੀ ਉਨੀ ਹੀ ਕਠਿਨ ਹੈ ਜਿਣਾ ਕਿ ਤੱਪ ਕਰਨਾ ।

ਭਗਤੀ ਨਾਲ ਪ੍ਰਾਪਤ ਕੀਤਾ ਹੋਇਆ ਗਿਆਨ ਸਬਰ ਨਾਲ ਭਰਿਆ ਹੋਇਆ ਹੁੰਦਾ ਹੈ । ਇਸ ਗਿਆਨ ਦ੍ਵਾਰਾ ਮਨ ਵਿਚ ਨਿਮ੍ਰਤਾ ਆਉਂਦੀ ਹੈ । ਇਸ ਤੋਂ ਪੈਦਾ ਹੋਨ ਵਾਲੀ ਗੁਰਮਤਿ ਠੀਕ ਰੂਪ ਵਿਚ ਵਿਧੀਮਾਨ ਹੋਕੇ ਮਨੁਖ ਦੇ ਅੰਦਰਲੇ ਚਖਸ਼ੂ (Inner eyes) ਵਧੇਰੀ ਮਿਕਦਾਰ ਨਾਲ ਖੋਲ੍ਹਦੀ ਹੈ । ਇਸ ਗਿਆਨ ਦੇ ਮੁਖ ਅੰਗ ਨਿਮ੍ਰਤਾ, ਸੇਵਾ ਤੇ ਗਰੀਬੀ


www.AKJ.org

ਹਨ। ਇਸਨੂੰ ਤਪ ਦੁਆਰਾ ਪੈਦਾ ਹੋਇ ਹੋਇ ਗਿਆਨ ਦੇ ਮੁਕਾਬਲੇ ਵਿਚ ਡਿਗਨ ਦਾ ਘਟ ਡਰ ਰਹਿੰਦਾ ਹੈ। ਇਹ ਵਿਸ਼ਸ਼ਟ ਜੀ ਦੇ ਗਿਆਨ ਵਰਗਾ ਹੁੰਦਾ ਹੈ ਇਸਦੇ ਨਾ ਹੋਨ ਦਾ ਭੈ ਨਹੀਂ ਹੈ ਇਹ ਮਨੁਖ ਨੂੰ ਸਾਬਤ ਕਦਮ ਬਨਾਉਂਦਾ ਹੈ। ਗੁਰੂ ਸਾਹਿਬਾਨ ਨੇ ਵੀ ਇਸੇ ਪ੍ਰਕਾਰ ਦੇ ਗਿਆਨ ਦੀ ਪ੍ਰਾਪਤੀ ਲਈ ਸਿਖ ਨੂੰ ਹਦਾਇਤ ਕੀਤੀ ਹੈ।

ਗਿਆਨ ਦੇ ਕੀ ਗੁਣ ਹਨ ? ਗੁਰਮਤਿ ਦੁਆਰਾ, ਭਗਤੀ ਰਾਹੀਂ ਪੈਦਾ ਹੋਇਆ ਹੋਇਆ ਗਿਆਨ ਸੁਚਜਾ ਹੁੰਦਾ ਹੈ। ਜਦੋਂ ਤਕ ਇਹ ਗਿਆਨ ਭਗਤੀ ਦੇ ਕਰਮਾਂ ਦਾ ਆਸਰਾ ਲਈ ਰਖਦਾ ਹੈ ਓਦੋਂ ਤਕ ਇਹ ਅਪਨਾ ਰਸਤਾ ਮਨੁਖ ਦੇ ਦਿਲ ਦੀ ਕੋਠੜੀ ਵਲ ਬਨਾਉਂਦਾ ਰਹਿੰਦਾ ਹੈ ਤੇ ਜਦੋਂ ਉਹ ਦਿਲ ਵਿਚ ਠੀਕ ਬੈਠ ਜਾਂਦਾ ਹੈ ਤਾਂ ਫੇਰ ਭਗਤੀ ਦੇ ਕਰਮ ਕਾਂਡ ਇਤਿਆਦ ਤੋਂ ਕਦੀ ਕਦੀ ਤਾਂ ਸਦਾ ਲਈ ਉਪਰਾਮ ਹੋਕੇ ਕੇਵਲ ਨਿਰੋਲ ਭਗਤੀ ਵਲ ਲਗ ਜਾਂਦਾ ਹੈ ਅਤੇ ਉਸ ਉਚੀ ਆਤਮਕ ਸਟੇਜ ਤੇ ਮਨੁਖ ਨੂੰ ਫੇਰ ਭਗਤੀ ਦੇ ਕਰਮ ਕਾਂਡ ਦੀ ਜ਼ਰੂਰਤ ਹੀ ਨਹੀਂ ਰਹਿੰਦੀ। ਇਕ ਪੰਡਤ ਪੂਜਾ ਪਾਠ ਕਰਿਆ ਕਰਦਾ ਸੀ ਤੇ ਉਹ ਮੂਰਤੀਆਂ ਨੂੰ ਬੜੇ ਪ੍ਰੇਮ ਨਾਲ ਧੂਪ ਦੇਂਦਾ ਹੁੰਦਾ ਸੀ, ਜਦੋਂ ਉਸਨੂੰ ਗਿਆਨ ਦੀ ਪ੍ਰਾਪਤੀ ਹੋ ਗਈ ਤਾਂ ਫਿਰ ਆਪਣੇ ਬਚਿਆਂ ਨੂੰ ਇਉਂ ਕਿਹਾ ਕਰੇ। ਦੇਖੋ, ਬਚਿਉ ! ਮੈਂ ਅਜ ਕਿਸੇ ਕੰਮ ਜਾ ਰਿਹਾ ਹਾਂ ਹੋ ਸਕਦਾ ਹੈ ਦੇਰ ਨਾਲ ਆਵਾਂ। ਤੁਸੀਂ ਇਨਾਂ ਮੂਰਤੀਆਂ ਨੂੰ ਧੂਪ ਧਾਪ ਦਿਖਾ ਦੇਨਾ। ਕਈ ਵੇਲੇ ਓਸ ਨੂੰ ਆਪ ਸ਼ਰਧਾ ਨਾਲ ਧੂਪ ਦੇਨ, ਤੇ ਬਚਿਆਂ ਕੋਲੋਂ ਉਲਟੇ ਸਿਧੇ ਤਰੀਕੇ ਨਾਲ ਧੂਪ ਦਿਵਾਨ ਵਿਚ ਕੋਈ ਫਰਕ ਨਹੀਂ ਸੀ ਨਜ਼ਰ ਆਉਂਦਾ।

ਸੋ ਸਿਟਾ ਇਹ ਨਿਕਲਿਆ ਕਿ ਗਿਆਨ ਦਾ ਹੋਣਾ ਮਨੁਖ ਵਾਸਤੇ ਬਹੁਤ ਹੀ ਜ਼ਰੂਰੀ ਹੈ। ਅਜ ਤਾ ਬਹੁਤ ਸਾਰੇ ਲੋਕ ਤਾਂ ਆਪਣੇ ਸਰੀਰ ਕਿਸੇ ਨੂੰ ਕਿਸਮ ਦੀ ਤਕਲੀਫ ਵੀ ਦੇਣਾ ਪਸੰਦ ਨਹੀਂ ਕਰਦੇ ਤਪ ਕਰਨਾ ਤੇ ਤਪਦੇ ਸਾਧਨਾ ਸਿਖਨ ਤਾਂ ਦੂਰ ਦੀ ਗਲ ਹੈ।

ਗਿਆਨ ਰੂਪੀ ਸੁਰਮਾਂ ਗੁਰੂ ਕੋਲੋਂ ਮਿਲਦਾ ਹੈ ਜਿਸ ਨਾਲ ਅਗਿਆਨਤਾ ਦਾ ਅੰਧੇਰਾ ਦੂਰ ਹੋ ਜਾਂਦਾ ਹੈ ਤੇ ਅੰਦਰਲੇ ਮਨ ਵਿਚ ਪ੍ਰਕਾਸ਼ ਹੁੰਦਾ ਹੈ।

ਗੁਰਵਾਕ ਅਨੁਸਾਰ :—

'ਗਿਆਨ ਅੰਜਨ ਗੁਰ ਦੀਆ
ਅਗਿਆਨ ਅੰਧੇਰ ਵਿਨਾਸ ॥'

ਮਨੁਖ ਵਾਸਤੇ 'ਗਿਆਨ' ਗੁਰਮਤਿ ਵਲ ਚਲਣ ਲਈ ਅੰਨ੍ਹੇ ਵਾਸਤੇ ਲਕੜੀ ਹੈ।

ਸੋ, ਵੀਰੋ, ਸੁਚੱਜਾ ਗਿਆਨ, ਭਾਉ ਤੇ ਪ੍ਰੇਮ ਨਾਲ ਲਤਪਤ, ਮਨੁਖ ਨੂੰ ਗੁਰਮਤਿ ਰਾਹ ਵਿਚ ਬਹੁਤ ਹੀ ਸਹਾਇਕ ਹੁੰਦਾ ਹੈ। ਸਾਨੂੰ ਕੋਸ਼ਿਸ਼ ਇਹ ਕਰਨੀ ਚਾਹੀਦੀ ਹੈ ਕਿ ਅਸੀਂ ਚੰਚ-ਗਿਆਨ ਤੋਂ ਬਚੀਏ ਤੇ ਚਤਰਾਈਆਂ ਨੂੰ ਛਡ ਕੇ ਗੁਰਮਤਿ ਦੇ ਦਾਇਰੇ ਵਿਚ ਆ ਕੇ ਗੁਰੂ ਆਗਿਆ ਅਨੁਸਾਰ ਸੁਚੱਜਾ ਤੇ ਨਿਰਮਲ ਗਿਆਨ ਪ੍ਰਾਪਤ ਕਰੀਏ। ਜਿਸ ਕਰਕੇ ਸਾਡੇ ਲਈ ਗੁਰਬਾਣੀ ਪੜ੍ਹਨਾ ਤੇ ਸੁਨਣਾ ਤੇ ਉਸਦਾ ਆਸ਼ਾ ਸਮਝਣਾ ਸਰਲ ਹੋ ਸਕੇ। ਗਿਆਨ ਪ੍ਰਾਪਤੀ ਨਾਲ 'ਅਹੰਕਾਰ' ਫੇਰਾ ਪਾਣਾ ਵੀ ਜ਼ਰੂਰ ਸ਼ੁਰੂ ਕਰ ਦੇਂਦਾ ਹੈ। ਇਸ ਤੋਂ ਬਚਣਾ ਚਾਹੀਦਾ ਹੈ ਅਤੇ ਅਰਦਾਸਾ ਕਰਨਾ ਚਾਹੀਦਾ ਹੈ ਕਿ ਹੇ ਸਚੇ ਪਾਤਸ਼ਾਹ ! ਇਹ ਸਭ ਤੇਰੀ ਹੀ ਦਾਤ ਹੈ ਇਸਦਾ ਤੂੰ ਆਪ ਹੀ ਰਾਖਾ ਹੈਂ ਤਾਂ ਹੀ ਫੇਰ ਗੁਰੂ-ਕ੍ਰਿਪਾ ਸਿਖ ਦੇ ਸ਼ਾਮਲੇ-ਹਾਲ ਰਹੇਗੀ। ਕਿਸੇ ਵੇਲੇ ਕਿਸੇ ਸਿਖ ਦੇ ਮਨ ਵਿਚ ਇਹ ਮਹਾਂਵਾਕ ਪੜ੍ਹਕੇ ਸ਼ੰਕਾ ਜਿਹਾ ਪੈਦਾ ਹੋਜਾਂਦਾ ਹੈ।


www.AKJ.Org

'ਕਰਮ ਧਰਮ ਪਾਖੰਡ ਜੋ ਦੀਸੈ,
ਤਿਨੁ ਜਮ ਜਾਗਾਤੀ ਲੂਟੈ ।।
ਨਿਰਬਾਨ ਕੀਰਤਨ ਗਾਵਉ ਕਰਤੇ ਕਾ,
ਨਿਮਖ ਸਿਮਰਤ ਜਿਤੁ ਛੂਟੈ ।।'

ਇਥੇ ਗੁਰੂ ਸਾਹਿਬਾਨ ਦਾ 'ਕਰਮ ਧਰਮ ਪਾਖੰਡ ਜੋ ਦੀਸੈ' ਦੀ ਤੁਕ ਵਿਚ ਉਸ ਪਰਕਾਰ ਦੇ ਕਰਮ ਹੀ ਹਨ ਜੋ ਰਜੋ ਤੇ ਤਮੋ ਬਿਰਤੀ ਹੇਠ ਕੀਤੇ ਜਾਣ । ਇਹ ਕਰਮ ਮਨੁਖ ਦੀ ਬਿਰਤੀ ਸਾਫ਼ ਨਹੀਂ ਹੋਣ ਦੇਂਦੇ ਹਨ, ਇਹਨਾਂ ਦੇ ਵਾਤਾਵਰਨ ਵਿਚ ਮਨੁਖ ਬਾਹਰੀ ਦਿਖਾਵੇ ਵਿਚ ਆ ਜਾਂਦਾ ਹੈ ਤੇ ਅਸਲੀ ਰਾਹ ਤੇ ਨਹੀਂ ਚਲ ਸਕਦਾ । ਇਹ ਕਰਮ ਮਨੁਖ ਨੂੰ ਗੁਰਮਤਿ ਗਿਆਨ ਤੋਂ ਥੋਥਾ ਤੇ ਅਹੰਕਾਰੀ ਬਨਾ ਦੇਂਦੇ ਹਨ ਐਸੇ ਕਰਮ ਵਿਵਰਜਿਤ ਹਨ ਇਨ੍ਹਾਂ ਦਾ ਅਗੇ ਚਲ ਕੇ ਕੋਈ ਲਾਭ ਨਹੀਂ ਹੁੰਦਾ । ਮਨੁਖ ਤੇ ਸਮਝਦਾ ਹੈ ਕਿ ਮੈਂ ਬਹੁਤ ਕੁਝ ਕਰ ਲਿਆ ਪਰ ਉਸ ਦੇ ਅਜੇਹੇ ਕਰਮ ਵਾਹਿਗੁਰੂ ਦੀ ਦਰਗਾਹ ਵਿਚ ਕਬੂਲੀਅਤ ਤੋਂ ਦੂਰ ਹੀ ਰਹਿੰਦੇ ਹਨ ਇਸ ਲਈ ਇਹਨਾਂ ਕਰਮਾਂ ਬਾਰੇ ਕਿਹਾ ਹੈ ਕਿ 'ਤਿਨੁ ਜਮ ਜਾਗਾਤੀ ਲੂਟੈ ।'

ਗੁਰਸਿਖ ਨੂੰ ਕਰਮ ਗੁਰ ਆਸ਼ੇ ਅਨੁਸਾਰ, ਗੁਰਮਤਿ ਦੇ ਦਾਇਰੇ ਵਿਚ ਰਹਿਕੇ ਹੀ ਕਰਨੇ ਚਾਹੀਦੇ ਹਨ । ਐਸੇ ਕਰਮਾਂ ਤੋਂ ਜੋ ਗਿਆਨ ਪ੍ਰਾਪਤ ਹੁੰਦਾ ਹੈ ਉਹ ਨਾਸ਼ਵਾਨ ਨਹੀਂ ਹੈ । ਗੁਰ ਸਿਖ ਲਈ ਸੁਚਜੇ ਤੇ ਨਿਰਮਲ ਗਿਆਨ ਦੀ ਪ੍ਰਾਪਤੀ ਉਚਿਤ ਹੈ ਐਸਾ ਗਿਆਨ ਹੀ ਉਸਦੀ ਆਤਮਾਂ ਨੂੰ ਉਚਿਆਂ ਕਰਦਾ ਹੈ । ਇਸ ਦੇ ਨਾਲ ਨਾਲ ਹੀ ਕੀਰਤਨ ਕਰੇ ਤੇ ਫ਼ਿਰ ਰੰਗ ਹੀ ਰੰਗ ਹੈ । ਰੰਗਣ ਐਸੀ ਮਿਲੇਗੀ ਜਿਸਦਾ ਸਵਾਦ ਗੂੰਗੇ ਦੀ ਮਠਿਆਈ ਵਾਲਾ ਹੋਵੇਗਾ ।

ਸੁਚੱਜਾ ਗਿਆਨ ਸੁਚੱਜਾ ਪੁਤਰ ਹੈ ਤੇ ਭਗਤੀ ਮਾਂ ਹੈ । ਸੋ ਗਿਆਨ ਉਹ ਹੀ ਅਸਲੀ ਗਿਆਨ ਹੈ ਤੇ ਗੁਰਮਤਿ ਦੇ ਅਨੁਕੂਲ ਹੈ ਜੋ ਸਿਖ ਨੂੰ ਅੰਤਰ ਮੁਖੀ ਬਨਾਏ ਤੇ ਉਸਦੇ ਮਨ ਨੂੰ ਕਾਬੂ ਵਿਚ ਰਖ ਸਕੇ ।


## ਦਮੇਂ ਦੇ ਭਿਆਨਕ ਰੋਗ ਤੋਂ ਛੁਟਕਾਰਾ ਪਾਉ

**ਦਮਾਂ, ਸਾਹ ਦਾ ਚੜ੍ਹਨਾ, ਬਲਗਮੀ ਖਾਂਸੀ, ਨਜ਼ਲਾ-ਜ਼ੁਕਾਮ ਕਾਲੀ ਖਾਂਸੀ**

ਦਾ ਪੂਰਾ ਇਲਾਜ ਅਜ਼ਮਾਇਸ਼ੀ ਨੁਸਖਿਆਂ ਨਾਲ ਕੀਤਾ ਜਾਂਦਾ ਹੈ । ਇਸ ਲਈ ਹੁਣ

**ਦਮੇਂ ਦੇ ਰੋਗੀਆਂ ਨੂੰ ਨਿਰਾਸ਼ ਹੋਣ ਦੀ ਲੋੜ ਨਹੀਂ**

ਬੜੀ ਖੋਜ ਤੋਂ ਬਾਅਦ ਇਸਦਾ ਇਲਾਜ ਮਿਲ ਗਿਆ ਹੈ ਜ਼ਿਹੜਾ ਦਮੇਂ ਨੂੰ ਜੜ੍ਹ ਤੋਂ ਖਤਮ ਕਰ ਦਿੰਦਾ ਹੈ । ਇਕ ਵਾਰ ਜ਼ਰੂਰ **ਅਜ਼ਮਾਉ ਅਤੇ ਤੰਦਰੁਸਤੀ ਹਾਸਲ ਕਰੋ ।**

ਹੇਠ ਲਿਖੇ ਪਤੇ ਤੇ ਲਿਖੋ ਜਾਂ ਮਿਲੋ ।

ਪਤਾ :—**ਕਟਾਰੀਆ ਸ਼ਫ਼ਾਖਾਨਾ**, ਪੀਲੀ-ਸੜਕ, ਰਾਘੋਮਾਜਰਾ, ਪਟਿਆਲਾ ।



www.AKJ.Org

# ( ਸਿੱਖ-ਧਰਮ ਤੇ ਬੁੱਤ-ਪ੍ਰਸਤੀ )

(ਭਾਈ ਜਗਤਾਰ ਸਿੰਘ ਰੇਲਵੇ ਗਾਰਡ ਕੋਟਾ (ਰਾਜਸਥਾਨ)

ਬੁੱਤ ਅਥਵਾ ਮੂਰਤੀ ਪੂਜਾ ਸਰਗੁਣ ਦਾ ਇਕ ਵਿਗੜਿਆ ਰੂਪ ਹੈ । ਸਰਗੁਣ ਉਪਾਸ਼ਨਾਂ ਕੀ ਹੈ? ਦ੍ਰਿਸ਼ਟਮਾਨ ਵਿਚੋਂ ਕਿਸੇ ਸਾਕਾਰ ਜੀਵ ਜਾਂ ਵਸਤੂ ਨੂੰ ਹੀ ਰੱਬ ਜਾਂ ਰੱਬ ਦਾ ਅਵਤਾਰ ਮਨ ਕੇ ਉਸਦੀ ਉਪਾਸ਼ਨਾ ਕਰਨਾ ਸਰਗੁਣ ਉਪਾਸ਼ਨਾ ਹੈ। ਪਰ ਦ੍ਰਿਸ਼ਟਮਾਨ ਦਾ ਸਾਰਾ ਪਸਾਰਾ ਦੇਸ਼ (Space) ਤੇ ਕਾਲ (Time) ਦੇ ਬੰਧਨ ਵਿਚ ਹੈ । ਕਾਲ ਬੰਧਨ ਕਰਕੇ ਹਰ ਦਿਸਦੀ ਸ਼ੈ ਸਾਦੀ (ਸਾ-ਆਦਿ) ਤੇ ਸ਼ਾਂਤ (ਸਾ-ਅੰਤ ਸਦੀਵ ਕਾਲ ਤੇ ਸਥਿਰ ਕੁਛ ਨਹੀਂ ਹੈ । ਦੇਸ਼ (Space) ਦੇ ਬੰਧਨ ਕਰਕੇ ਕੋਈ ਵੀ ਚੀਜ਼ ਇਕੋ ਸਮੇਂ ਹਰ ਥਾਂ ਮੌਜੂਦ ਨਹੀਂ, ਜੇ ਇਥੇ ਹੈ ਤਾਂ ਉਥੇ ਨਹੀਂ । ਦੇਸ਼ ਕਾਲ ਦੇ ਬੰਧਨ ਕਰਕੇ ਜਦ ਸਾਕਾਰ, ਇਸ਼ਟ,ਦੇਵ ਦੀ ਮੌਜੂਦਗੀ ਗੈਰ-ਮੌਜੂਦਗੀ ਵਿਚ ਬਦਲ ਜਾਂਦੀਹੈ ਤਦ ਸਾਕਾਰ ਪੂਜਕਾਂ ਲਈ ਇਹ ਇਕ ਔਕੜ ਦਾ ਕਾਰਣ ਬਣਦੀ ਹੈ । ਇਸ ਔਕੜ ਦਾ ਹਲ ਉਹ ਆਪਣੇ ਇਸ਼ਟ ਦੀ ਸੂਰਤ ਪੱਥਰ ਵਿਚੋਂ ਘੜ ਕੇ ਜਾਂ ਕਿਸੇ ਕਾਗਜ਼, ਦੀਵਾਰ ਆਦਿ ਤੇ ਉਸ ਦਾ ਚਿਤ੍ਰ ਉਲੀਕ ਕੇ ਕਢਦੇ ਹਨ। ਇਸਤਰਾਂ ਇਹ ਇਕ ਤਰਾਂ ਸਰਗੁਣ ਉਪਾਸ਼ਨਾਂ ਦੀ ਨਕਲ ਜਾਂ ਉਸ ਦਾ ਨਖਿੱਧ ਰੂਪ ਹੀ ਹੈ। ਇਤਿਹਾਸਕ ਵਿਅਕਤੀਆਂ ਦੀ ਹੀ ਨਹੀਂ, ਸਗੋਂ ਮਿਥਹਾਸਿਕ ਤੇ ਮਨੋਕਲਪਤ ਦੇਵੀ ਦੇਵਤਿਆਂ ਦੀ ਇਸ ਪਰਕਾਰ ਪੂਜਾ ਵੀ ਆਮ ਹੁੰਦੀ ਹੈ, ਸਾਕਾਰ ਉਪਾਸ਼ਨਾ ਦਾ ਇਹ ਵਿਗੜਿਆ ਰੂਪ ਸਾਰੇ ਜਗਤ ਵਿਚ ਪ੍ਰਚਲਤ ਹੈ ।

ਗੁਰੂ ਨਾਨਕ ਦੇਵ ਜੀ ਦੇ ਰਿਦ ਅੰਤਰ ਜਿਸ ਸੱਚ ਦਾ ਪਰਕਾਸ਼ ਸੀ, ਉਸ ਅਨਭਵ ਦਵਾਰਾ ਲਖਣ ਯੋਗ ਸੱਚ ਨੂੰ ਸੰਸਾਰ ਪਰਤੀ ਪਰਗਟ ਕਰਨ ਹਿੱਤ ਗੁਰੂ ਜੀ ਨੇ ਇਸ ਵਿਧ ਉਚਾਰਨ ਕੀਤਾ:–

ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ।'

ਇਹ ਸਿਖ ਫਲਾਸਫ਼ੀ ਦਾ ਮੂਲ ਹੈ ਤੇ ਸਾਰੀ ਸਿਖ ਫਿਲਾਸਫ਼ੀ ਗੁਰਬਾਣੀ ਦੇ ਰੂਪ ਵਿਚ ਇਸੇ ਦਾ ਵਿਸਥਾਰ ਰੂਪ ਹੈ । 'ਓ' ਅਖਰ ਵੇਦਾਂਤਿਕ ਦਰਸ਼ਨ ਅਨੁਸਾਰ ਬ੍ਰਹਮ ਦਾ ਲਖਾਇਕ ਹੈ। ਸਾਰਾ ਦ੍ਰਿਸ਼ਟਮਾਨ ਸੰਸਾਰ ਬ੍ਰਹਮ ਦਾ ਉਦਕਰਖ ਰੂਪ ਹੈ । ਗੁਰੂ ਸਾਹਿਬ ਨੇ ਵੀ ਇਹੋ ਅਖਰ ਵਰਤਿਆ ਹੈ, ਪਰ ਇਸਦੇ ਅਰੰਭ ਵਿਚ ਇਕ (੧) ਲਾ ਕੇ ਅਪਣੇ ਉਚੇਰੇ ਅਨਭਵੀ ਗਿਆਨ ਦਾ ਪ੍ਰਗਟਾਵਾ ਕੀਤਾ ਹੈ । ਇਸ ਤੋਂ ਗਿਆਤ ਹੁੰਦਾ ਹੈ ਕਿ ਜਿਥੇ ਉਹ 'ਸੱਤ' ਸ੍ਰਿਸ਼ਟੀ ਦਾ ਰਚਣਹਾਰ ਤੇ ਸ੍ਰਿਸ਼ਟੀ ਵਿਚ ਲੀਨ


www.AKJ.Org

ਹੈ ਉਥੇ ਇਸ ਰਚਨਾ ਤੋਂ ਵਿਲਖਨ ਆਪਣੇ ਆਪ ਵਿਚ ਆਪ ਤੇ ਵਾਹਿਦ (ਇਕੋ ਇਕ) ਸ੍ਵਰੂਪ ਵੀ ਹੈ। ਉਸ 'ਇਕ' ਦਾ ਨਾਮ ਸਚਾ ਹੈ। ਨਾਮ ਉਸ ਦੀ ਰਚਨਹਾਰ ਸ਼ਕਤੀ ਦਾ ਲਖਾਇਕ ਹੈ। ਓਹੋ 'ਇਕ' ਹੀ ਕੇਵਲ 'ਨਿਰਭਉ' ਹੈ ਤੇ ਬਾਕੀ ਸਭ ਭੈ ਵਿਚ ਯਥਾ:-

ਡਰਪੈ ਧਰਤਿ ਅਕਾਸ ਨਖੵਤ੍ਰਾ
ਸਿਰ ਊਪਰਿ ਅਮਰੁ ਕਰਾਰਾ ॥
ਪਉਣ ਪਾਣੀ ਬੈਸੰਤਰੁ ਡਰਪੈ
ਡਰਪੈ ਇੰਦ੍ਰੁ ਬਿਚਾਰਾ ॥
... ... ...
ਦੇਹਧਾਰ ਅਰੁ ਦੇਵਾ ਡਰਪਹਿ
ਸਿਧ ਸਾਧਿਕ ਡਰਿ ਮੁਇਆ ॥
ਲਖ ਚਉਰਾਸੀਹ ਮਰਿ ਮਰਿ ਜਨਮੇ
ਫਿਰਿ ਫਿਰਿ ਜੋਨੀ ਜੋਇਆ ॥
ਰਾਜਸ ਸਾਤਕੁ ਤਾਮਸੁ ਡਰਪਹਿ
ਕੇਤੇ ਰੂਪ ਉਪਾਇਆ ॥
ਛਲ ਬਪੁਰੀ ਇਹ ਕਉਲਾ ਡਰਪੈ
ਅਤਿ ਡਰਪੈ ਧਰਮ ਰਾਇਆ ॥
ਸਗਲ ਸਮਗ੍ਰੀ ਡਰਹਿ ਬਿਆਪੀ
ਬਿਨ ਡਰ ਕਰਣੈਹਾਰਾ ॥
ਕਹੁ ਨਾਨਕ ਭਗਤਨ ਕਾ ਸੰਗੀ
ਭਗਤ ਸੋਹਹਿ ਦਰਬਾਰਾ ॥

ਨਿਰਭਉ ਹੀ ਕੇਵਲ ਨਿਰਵੈਰ ਹੋ ਸਕਦਾ ਹੈ ਕਿਉਂਕਿ ਵੈਰ ਭੈ ਦੀ ਉਪਜ ਹੈ। ਸਾਰੀ ਸ੍ਰਿਸ਼ਟੀ ਭੈ ਵਿਚ ਹੋਣ ਕਰ ਕੇ ਰਾਗ ਦਵੈਖ ਵਿਚ ਵੀ ਵਿਆਪ ਰਹੀ ਹੈ। ਨਿਰਵੈਰ ਹੈ ਤਾਂ ਕੇਵਲ ਉਹ 'ਇਕ' ਹੀ ਹੈ। ਉਸਦਾ ਸ੍ਵਰੂਪ ਕਾਲ-ਰਹਿਤ (Timeless) ਹੈ ਭਾਵ ਉਹ ਸਦੀਵ ਕਾਲ ਹੈ। ਇਥੇ ਗੁਰਦੇਵ ਜੀ ਨੇ ਮੂਰਤਿ ਸ਼ਬਦ ਵਰਤ ਕੇ ਸਾਕਾਰ ਮੂਰਤੀ ਤਕ ਸੀਮਤ ਮਨੁੱਖ ਦੀ ਬੁਧੀ ਨੂੰ ਅਕਾਲ ਮੂਰਤਿ ਭਾਵ ਨਿਰਾਕਾਰ, ਸਦੀਵ-ਕਾਇਮ ਤੇ ਸਦੀਵ-ਸਚ ਸਵਰੂਪ ਤਕ ਉਚਿਆਇਆ ਹੈ, ਤੇ 'ਸਾਦੀ ਸਾਂਤ' ਸਰਗੁਣ ਦੀ ਪੂਜਾ ਅਰਚਾ ਵਾਲੇ ਮਨੁਖ ਨੂੰ ਅਜੂਨੀ (ਜੂਨ ਰਹਿਤ) ਭਾਵ ਅਨਾਦੀ (ਅਨ ਆਦਿ) ਅਨੰਤ (ਅਨਅੰਤ) ਦਾ ਗਿਆਨ ਬਖ਼ਸ਼ਿਆ ਹੈ। ਇਹ 'ਇਕ' ਸਭ ਸ੍ਰਿਸ਼ਟ ਨੂੰ ਰਚਨਹਾਰ ਹੈ ਪਰ ਆਪ ਸੈਭੰ,ਅਪਣੇ ਆਪ ਤੋਂ ਹੀ ਆਪ ਪ੍ਰਕਾਸ਼ਮਾਨ ਹੈ। ਐਸੇ 'ਇਕ', 'ਇਕਾ ਨਿਰਭਉ',ਸਦੀਵਕਾਲ ਹੋਣ ਕਰਕੇ ਅਰੂਪ ਰੂਪਵਾਲਾ ਜੂਨ-ਰਹਿਤ ਤੇ ਸੁਤੇ-ਪ੍ਰਕਾਸ਼ ਅਨਾਦੀ ਅਨੰਤ ਪਰਮੇਸ਼ਰ ਨੂੰ ਗੁਰੂ ਕ੍ਰਿਪਾ ਦੁਆਰਾ ਲਖਿਆ ਜਾ ਸਕਦਾ ਹੈ।

ਅਕਾਲ ਪੁਰਖ ਦਾ ਵਰਨਣ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਪ੍ਰਕਾਰ ਕਰਦੇ ਹਨ :—

ਚਕ੍ਰ ਚਿਹਨ ਅਰ ਬਰਨ ਜਾਤ ਅਰ ਪਾਤ ਨਹਿਨ ਜਿਹ।
ਰੂਪ ਰੰਗ ਅਰ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥

ਆਦਿ ਅੰਤ ਨ ਮਧ ਜਾ ਕੋ ਭੂਤ ਭੱਬ ਭਵਾਨ ॥
ਸਤਿ ਦੁਆਪੁਰ ਤ੍ਰਿਤੀਆ ਕਲਿਜੁਗ ਚਤ੍ਰਕਾਲ ਪ੍ਰਧਾਨ ॥

ਨਿਰੰਕਾਰ ਨ੍ਰਿਬਿਕਾਰ ਨਿਤਯੰ ਨਿਰਾਲੰ ॥
ਨ ਬ੍ਰਿਧੰ ਬਿਸੇਖੰ ਨ ਤਰੁਨੰ ਨ ਬਾਲੰ ॥
ਨ ਰੰਕੰ ਨ ਰਾਯੰ ਨ ਰੂਪੰ ਨ ਰੇਖੰ ॥
ਨ ਰੰਗੀ ਨ ਰਾਗੀ ਅਪਾਰੰ ਅਭੇਖੰ ॥

ਸੁ ਆਦੰ ਅਨਾਦੰ ਅਨੀਲੰ ਅਨੰਤੰ ॥
ਅਦ੍ਵੈਖੰ ਅਭੇਖੰ ਮਹੇਸੰ ਮਹੰਤੰ ॥


www.AKJ.Org

ਨ ਰੋਖੰ ਨ ਸੋਖੰ ਨ ਦ੍ਰੋਹੰ ਨ ਮੋਹੰ ॥
ਨ ਕਾਮੰ ਨ ਕ੍ਰੋਧੰ ਅਜੋਨੀ ਅਜੋਹੰ ॥

ਨਹੀ ਜਾਨ ਜਾਈ ਕਛੂ ਰੂਪ ਰੇਖੰ ॥
ਕਹਾ ਬਾਸ ਤਾਕੋ ਫਿਰੈ ਕੌਨ ਭੇਖੰ ॥
ਕਹਾ ਨਾਮ ਤਾਕੋ ਕਹਾ ਕੈ ਕਹਾਵੈ ॥
ਕਹਾ ਮੈ ਬਖਾਨੋ ਕਹੇ ਮੋ ਨ ਆਵੈ ॥

ਉਸ ਅਦ੍ਰਿਸ਼ਟ ਅਗੋਚਰ ਦੇ ਰੂਪ ਰੇਖ ਬਾਰੇ ਗੁਰਦੇਵ ਜੀ ਆਖਦੇ ਹਨ ਕਿ ਮੈਂ ਵਰਨਣ ਨਹੀਂ ਕਰ ਸਕਦਾ। ਉਸ ਦੀ ਹੋਂਦ ਪਰੇ ਤੋਂ ਪਰੇ ਹੈ ਤੇ ਉਸਦੀ ਵਿਆਪਕਤਾ ਅਕਹਿ। ਪਰ ਗੁਰੂ ਸਾਹਿਬ ਇਸ ਬਰਨਾਂ ਚਿਹਨਾਂ ਬਾਹਰੇ ਅਕਾਲਪੁਰਖ ਨੂੰ ਕੇਵਲ ਕੋਈ ਖਿਆਲੀ ਹਸਤੀ ਨਹੀਂ ਦਰਸਾਉਂਦੇ। ਸਗੋਂ ਸਰਬਤ੍ਰ ਰਮਿਆ, ਹਾਜ਼ਰਾ ਹਜ਼ੂਰ ਜ਼ਾਹਰਾ ਜ਼ਹੂਰ ਤੇ ਪ੍ਰਗਟੇ ਪਹਾਰੇ, ਜਿਉਂ ਗੁਰੂ ਸਾਹਿਬ ਆਪ ਉਸ ਨੂੰ ਲਖਦੇ ਹਨ ਤਿਉਂ ਸੰਸਾਰ ਅਗੇ ਉਸ ਦੀ ਸਾਖਾ ਭਰਦੇ ਹਨ :—

ਈਤਹਿ ਊਤਹਿ ਘਟਿ ਘਟਿ ਘਟਿ ਘਟਿ
ਤੂੰਹੀ ਤੂੰਹੀ ਮੋਹਿਨਾ।

ਨਾਨਕ ਕਾ ਪਾਤਸਾਹੁ ਦਿਸੈ ਜਾਹਰਾ ॥

ਜਲੇ ਹਰੀ, ਥਲੇ ਹਰੀ, ਉਠੇ ਹਰੀ, ਬਨੇ ਹਰੀ ॥
ਗਿਰੇ ਹਰੀ, ਗੁਫੇ ਹਰੀ, ਛਿਤੇ ਹਰੀ, ਨਭੇ ਹਰੀ ॥

ਜਿਮੀਂ ਜਮਾਨ ਕੇ ਬਿਖੇ ਸਮਸਤਿ ਏਕ ਜੋਤ ਹੈ।
ਨਾ ਘਾਟ ਹੈ ਨਾ ਬਾਢ ਹੈ, ਨ ਘਾਟਿ ਬਾਢਿ ਹੋਤ ਹੈ।

ਸਿਖ ਧਰਮ ਕੇਵਲ ਇਸ ਵਾਹਿਦ ਦਾ, ਅਕਾਲ ਪੁਰਖ ਦਾ ਪੁਜਾਰੀ ਹੈ। ਇਸ ਅਕਾਲ ਅਬਿਨਾਸ਼ੀ ਤੇ ਅਗਮ ਤੋਂ ਛੁਟ ਬਾਕੀ ਸਭ ਰਚਨਾ ਕਰਤੇ ਦਾ ਖੇਲ ਅਖਾੜਾ ਹੈ। ਇਸੇ ਅਕਾਲ ਦੀ ਪ੍ਰੇਮਾ ਭਗਤੀ ਦੀ ਤਲਕੀਨ ਗੁਰੂ ਨਾਨਕ ਦੇਵ ਜੀ ਨੇ ਮਨੁਖ ਨੂੰ ਕੀਤੀ ਹੈ। ਅਕਾਲ ਨੂੰ ਭੁਲਕੇ ਬਿਨਸਨਹਾਰ ਤੇ ਕਾਲ-ਵਸ ਸ੍ਰਿਸ਼ਟੀ ਵਿਚੋਂ ਕਿਸੇ ਦੀ ਉਪਾਸ਼ਨਾ ਦੀ ਗੁੰਜਾਇਸ਼ ਸਿਖ ਮੱਤ ਵਿਚ ਉਕੀ ਹੀ ਨਹੀਂ। ਸੰਸਾਰ ਦੀਆਂ ਉਘੀਆਂ ਰੂਹਾਨੀ ਹਸਤੀਆਂ ਜਿਨ੍ਹਾਂ ਨੂੰ ਲੋਕ ਰੱਬ ਕਰਕੇ ਪੂਜਦੇ ਹਨ ਤੇ ਜਿਨ੍ਹਾਂ ਨੇ ਅਪਣੇ ਆਪ ਨੂੰ ਆਪ ਵੀ ਰੱਬ ਕਹਿਣ ਤੋਂ ਗੁਰੇਜ਼ ਨਹੀਂ ਕੀਤਾ ਉਹਨਾਂ ਦੇ ਕਾਲ ਗ੍ਰਸ ਹੋਣ ਬਾਰੇ ਗੁਰਦੇਵ ਜੀ ਵਰਨਣ ਕਰਦੇ ਹਨ।

ਕਿਤੇ ਕ੍ਰਿਸ਼ਨ ਸੇ ਕੀਟ ਕੋਟੈ ਬਨਾਏ ॥
ਕਿਤੇ ਰਾਮ ਸੇ ਮੇਟ ਡਾਰੇ ਉਪਾਏ ॥
ਮਹਾਦੀਨ ਕੇਤੇ ਪ੍ਰਿਥੀ ਮਾਹ ਹੂਏ ॥
ਸਮੈ ਆਪਨੀ ਆਪਨੀ ਅੰਤ ਮੂਏ ॥

ਜਿਤੇ ਔਲੀਆ ਅੰਬੀਆ ਹੋਇ ਬੀਤੇ ॥
ਤਿਤਿਉ ਕਾਲ ਜੀਤਾ ਨ ਤੇ ਕਾਲ ਜੀਤੇ ॥
ਜਿਤੇ ਰਾਮ ਸੇ ਕ੍ਰਿਸ਼ਨ ਹੁਇ ਬਿਸ਼ਨ ਆਏ ॥
ਤਿਤਿਓ ਕਾਲ ਖਾਪਿਓ ਨ ਤੇ ਕਾਲ ਘਾਏ ॥

ਜਿਤੇ ਔਲੀਆ ਅੰਬੀਆ ਗੌਸ ਹ੍ਵੈ ਹੈਂ ॥
ਸਭੈ ਕਾਲ ਕੇ ਅੰਤ ਦਾੜ੍ਹਾ ਤਲੈ ਹੈਂ ॥

ਜੇ ਇਹ ਸਭ ਵਡੇ ਵਡੇ ਅਵਤਾਰ ਪੈਗੰਬਰ 'ਸਭੈ ਕਾਲ ਕੇ ਅੰਤ ਦਾੜ੍ਹਾ ਤਲੈ ਹੈਂ' ਹੋਣ ਕਰਕੇ ਬਿਨਾਸਵਾਨ ਹਨ ਤੇ ਅਕਾਲ ਦੇ ਹੁਕਮ ਵਿਚ ਹਨ ਤਦ ਇਹਨਾਂ ਨੂੰ ਹੀ ਅਪਰੰਪਰ ਮੰਨ ਕੇ ਇਹਨਾਂ ਦੀ ਪੂਜ ਪ੍ਰਤਿਸ਼ਟਾ ਕਰਨਾ ਇਕ ਗੁਮਰਾਹਕੁਨ ਉਪਾਸ਼ਨਾ ਹੈ ਜਿਸ ਦਾ ਕਾਇਲ ਸਿਖ ਧਰਮ ਬਿਲਕੁਲ ਹੀ ਨਹੀਂ। (ਚਲਦਾ)


www.AKJ.Org

# ( ਗੁਰ-ਸਿੱਖ ਮੀਤ ਨੰ:–੫ )

(ਗਿ: ਦਲਜੀਤ ਸਿੰਘ ਜੀ 'ਕਮਲ' ਨਾਸਿਕ)

[ ਲੜੀ ਜੋੜਨ ਲਈ ਦੇਖੋ ਜੁਲਾਈ 1969 ਦਾ ਪਰਚਾ ]

ਸ੍ਰੀ ਭਾਈ ਸਾਹਿਬ ਦੇ ਆਤਮਿਕ-ਮੇਲਾਂ ਤੋਂ ਐਸਾ ਨਿਹਚਾ ਬਝਾ ਕੇ ਵਾਹ। ਇਹ, ਤੇ ਸੰਸਾਰਿਕ ਵਿਗਿਆਨੀਆਂ ਦੀ ਸਾਂਇਟੇਫ਼ਿਕ-ਥਿਊਰੀਆਂ ਵੀ ਪਿਛਾੜ ਗਈ ਹੈ, ਮੈਨੂੰ ਕੀ ਪਤਾ ਸੀ ਕਿ ਗੁਰਮਤਿ ਦੀਆਂ ਕਾਢਾਂ ਤੇ ਜੁੜੇ ਹੋਇ ਮਨਾਂ ਦੀ ਮੇਲ-ਮੁਲਾਕਾਤ ਬਗੈਰ, ਕਿਸੇ ਸਾਧਨ ਦੇ ਹੋ ਜਾਂਦੀ ਹੈ। ਗੁਰਮਤਿ ਦੀ ਸਾਇੰਸ ਵਾਲਿਆਂ ਨੂੰ ਟੈਲੀਫੂਨ, ਵਾਇਰਲੈਸ, ਟੈਲੀਗ੍ਰਾਮ, ਟੈਲੀਵੀਜ਼ਨ ਦੇ ਖਰਚਾਂ ਦੀ ਲੋੜ ਨਹੀਂ ਲੋੜ ਹੈ ਤੇ ਕੇਵਲ, ਗੁਰਮਤਿ ਦੇ ਦਾਇਰੇ ਅੰਦਰ ਰਹਿਕੇ ਮਨ ਦੀਆਂ ਤਰਬਾਂ ਇਕ ਸੁਰ ਕਰ ਗੁਰਮਤਿ ਗਾਡੀ ਰਾਹ ਤੇ ਚਲਣ ਦੀ ਫਿਰ ਤੇ ਸਹਿਜੇ ਹੀ ਨਿਸਚਾ ਆ ਸਕਦਾ ਹੈ ਕਿ ਜੁੜੇ ਮਨ ਕਿਵੇਂ ਇਕ ਦੂਜੇ ਦੀ ਦੂਰ ਬੈਠਿਆਂ ਧੜਕਨ ਸਮਝ ਜਾਂਦੇ ਹਨ।

ਇਕ ਦੇ ਬੋਲ ਦੂਜੇ ਨੂੰ ਪ੍ਰਤਖ ਸੁਣਾਈ ਦੇਂਦੇ ਹਨ ਇਸਦੀਆਂ ਮਸਾਲਾਂ ਸਾਨੂੰ ਇਤਹਾਸਕ ਪਖ ਤੋਂ ਵੀ ਬਹੁਤ ਮਿਲਦੀਆਂ ਹਨ ਧੰਨ ਗੁਰੂ ਨਾਨਕ ਸਾਹਿਬ ਜੀ ਦਾ ਬੇਬੇ ਨਾਨਕੀ ਜੀ ਨੂੰ ਇਹੋ ਇਕਰਾਰ ਸੀ ਬੇਬੇ ਜੀ ਜਦੋਂ ਤੁਸੀਂ ਯਾਦ ਕਰੋ ਅਸੀਂ ਹਾਜ਼ਰ ਹਾਂ ਬੇਬੇ ਜੀ ਨੇ ਅੰਮ੍ਰਿਤ ਵੇਲੇ ਪਿਆਰ ਨਾਲ ਬਾਣੀ ਪੜਦਿਆਂ ਪ੍ਰੇਮ ਰਸ ਮਗਨ ਹੋ ਦੁਧ ਰਿੜਕਿਆ ਤੇ ਮਖਣ ਵਰੋਲਿਆ ਚਿਰਾਂ ਦੇ ਵਿਛੜੇ ਵੀਰ ਦੀ ਯਾਦ ਰੁਮਕਣ ਲਗੀ ਮਾਨੋ ਜਿਵੇਂ ਅਸੀਂ ਨੰਬਰ ਮੇਲਕੇ ਆਪਣੀ ਲਾਇਨ ਕਲੀਅਰ ਕਰ ਰਹੇ ਹੋਈਏ। ਬੇਬੇ ਜੀ ਦਾ ਮਨ ਜੁੜਦਾ ਗਿਆ ਤੇ ਜਦੋਂ ਪ੍ਰਸ਼ਾਦਾ ਤਿਆਰ ਕੀਤਾ ਚੁਲੇ ਅਗੇ ਬੈਠੀ ਭੈਣ ਦੇ ਨੈਣ ਸੋਮੇਂ ਵਹਿ ਤੁਰੇ, ਪ੍ਰੇਮ ਝੜੀਆਂ ਲਗ ਗਈਆਂ ਪ੍ਰਸ਼ਾਦਾ ਤਵੇ ਤੇ ਪਿਆ ਵੇਖ ਬੇਬੇ ਜੀ ਅਖ ਦੇ ਫੋਰ ਅੰਦਰ ਉਡਾਰੀ ਮਾਰ ਗਏ ਤੇ ਜਾ ਪਹੁੰਚੇ ਪਿਆਰੇ ਵੀਰ 'ਨਾਨਕ' ਜੀ ਪਾਸ। ਵੀਰ ਜੀ ਹੁਣ ਮੇਰਾ ਮਨ ਬਹੁਤ ਉਦਾਸ ਹੈ ਮੇਰੀ ਧੀਰਜ ਟੁਟ ਚੁਕੀ ਹੈ ਤੁਹਾਡੇ ਜਦੋਂ ਤਾਂਈ ਸੁਲਤਾਨ ਪੁਰੇ ਚਰਨ ਨਹੀਂ ਪੈਂਦੇ ਉਨਾਂ ਚਿਰ ਇਹ ਫੁਲਕੇ ਤੇ ਮਖਣ ਇਸੇ ਤਰਾਂ ਹੀ ਪਿਆ ਜੇ ਆਪ ਜੀ ਆਵੋ ਛੇਤੀ ਆਵੋ ਤੇ ਇਹ ਪਿਆਰ ਸਿਕਾਂ ਵਿਚ ਭੈਣ ਦੇ ਕਲੇਜੇ ਠੰਡ ਪਾਵੋ। ਇਹ ਭੰਡਾਰਾ ਪਵਿਤ੍ਰ ਕਰੋ ਛਕੋ ਇਸਨੂੰ ਬਸ ਜੁੜਿਆ ਮਨ ਉਸਦੀ ਸਦ ਮੇਰੇ ਅੰਤਰਯਾਮੀ ਗੁਰਦੇਵ ਨੂੰ ਹਜ਼ਾਰਾਂ ਹਾਂ ਮੀਲਾਂ ਦੇ ਸਫਰ ਨੂੰ ਤਹਿ ਕਰਦੀ ਬਾਬੇ ਪਾਸ ਪੁਜੀ ਤੇ ਬਾਬਾ ਜੀ ਕਹਿੰਦੇ ਮਰਦਾਨੇ ਚੁਕ ਰਬਾਬ ਛੇਤੀ ਕਰ ਭੈਣ ਜੀ ਯਾਦ ਪਏ ਕਰਦੇ ਹਨ ਆਪਾਂ ਉਤੇ ਪਹੁੰਚਕੇ


www.AKJ.Org

ਪ੍ਰਸ਼ਾਦਾ ਛਕਣਾ ਹੈ ਇਵੇਂ ਹੀ ਹੋਇਆ ਜੋ ਸਫ਼ਰ ਸਾਲਾਂ ਵਿਚ ਕਰਨ ਵਾਲਾ ਸੀ ਉਹ ਛਿਨਾਂ ਪਲਾਂ 'ਚ ਤਹਿ ਕਰ ਬਾਬਾ ਜੀ ਬੇਬੇ ਹੋਰਾਂ ਪਾਸ ਪੁਜ ਗਏ। ਇਸੇ ਤਰ੍ਹਾਂ ਅਨੇਕਾਂ ਮਸਾਲਾਂ ਸਾਨੂੰ ਸੰਸਾਰਿਕ ਸਾਕਾਂ ਸਬੰਧੀਆਂ ਅੰਦਰੋਂ ਮਿਲਦੀਆਂ ਹਨ ਕੋਈ ਭੈਣ ਕਹਿੰਦੀ ਹੈ ਵੀਰ ਮੈਨੂੰ ਤੇਰੇ ਆਉਣ ਦਾ ਪਹਿਲਾਂ ਹੀ ਪਤਾ ਲਗ ਗਿਆ, ਕੋਈ ਮਾਂ ਆਖਦੀ ਏ ਮੇਰੇ ਜਿਗਰ ਦੇ ਟੁਕੜੇ, ਪਿਆਰੇ ਲਾਲ ਮੈਂ ਤੈਨੂੰ ਕਲ ਹੀ ਔਂਦਿਆਂ ਤਕ ਲਿਆ ਸੀ, ਇਸਤ੍ਰੀ ਕਹਿੰਦੀ, ਹੈ ਮੇਰੇ ਪਿਆਰੇ ਸਿਰਤਾਜ ਮੈਨੂੰ ਇਹ ਪੱਕਾ ਯਕੀਨ ਸੀ ਕਿ ਛੇਤੀ ਹੀ ਮੇਰੇ ਸਿਰ ਦੇ ਸਾਂਈ ਆ ਦੀਦਾਰ ਦੇਣਗੇ। ਕਿਉਂਕਿ ਮੈਨੂੰ ਐਸੀ ਧੜਕਣ ਪਹਿਲਾਂ ਛਿੜ ਚੁਕੀ ਸੀ, ਜੋ ਸੁਫਨਾ ਸੀ ਉਹ ਸਚ ਹੋ ਗਿਆ। ਇਹਨਾਂ ਆਮ ਪ੍ਰਚਲਤ ਗੱਲਾਂ ਨਾਲ ਪ੍ਰਤੀਤ ਆ ਜਾਂਦੀ ਹੈ ਕਿ ਮਨ ਜਦੋਂ ਉਤਰਾ ਚੱੜਾ ਦੇ ਪੜਾਂ ਲੰਘ ਕੇ ਅੰਤਰ-ਆਤਮੇ ਨਾਲ ਮਿਲ ਜਾਂਦਾ ਹੈ ਤੇ ਫਿਰ ਉਹੋ ਮਨ ਚੰਗੇ ਧਰਮਾਤਮਾਂ, ਗੁਰਸਿਖ ਮੀਤਾਂ, ਗੁਰਮਤਿ ਗਾਡੀ ਰਾਹ ਤੇ ਚਲਣ ਵਾਲਿਆਂ ਪਿਆਰਿਆਂ ਦੇ ਪਿਆਰ ਵਿਚ ਲਗ 'ਮਨ ਮੇਲੀ ਕਰ ਮੇਲ ਮਿਲੰਦੇ' ਦੇ ਚਾਵਾਂ ਭਾਵਾਂ ਵਿਚ ਟਿਕ ਜਾਂਦਾ ਹੈ। ਛੋਛੇ, ਝੂਠੇ ਤੇ ਥੋਥੇ ਮੇਲ ਖੇਲ ਵਿਸਰ ਜਾਂਦੇ ਹਨ ਤੇ ਇਹ ਗਲ ਪਕੀ ਦਿਰੜ ਕਰ ਲੈਂਦੇ ਹਨ ਕਿ ਸਚੀ ਬੈਠਕ ਤਿਨਾਂ ਸੰਗ ਹੈ ਜਿਨ੍ਹਾਂ ਨਾਲ ਬੈਠ ਕੇ ਨਾਮ ਜਪਿਆ ਜਾਵੇ ਨਹੀਂ ਤੇ ਬਾਕੀ ਦੇ ਮੇਲਾਂ ਵਿਚੋਂ ਤੇ ਅੱਗ ਦੇ ਭਾਂਬੜ ਬਲਦੇ ਦਿਸਦੇ ਹਨ ਜੋ ਮਨੁਖਤਾ ਨੂੰ ਸਾੜ ਫੂਕ ਸਵਾਹ ਕਰ ਦੇਂਦੇ ਹਨ ਐਸੇ ਸੜੇ ਬਲਬ ਜਾਂ ਤਾਰਾਂ ਵਿਚ ਕਰੰਟ ਕਿਥੇ ਰੋਸ਼ਨੀ ਕਿਥੇ, ਲਿਵ-ਅਸਲ ਤਾਰ ਘਰ ਪਾਵਰ ਹਾਊਸ ਨਾਲੋਂ ਟੁਟ ਜਾਂਦੀ ਹੈ। ਦਾਸ ਜੋ ਇਹ ਗੁਰਮੁਖਾਂ, ਗੁਰਸਿਖ ਮੀਤਾਂ ਦੇ ਜੀਵਨ ਦੇ ਕ੍ਰਿਸ਼ਮੇ ਤੇ ਕਲਾਧਾਰੀ ਖੇਲ ਮੇਲ ਲੇਖਾਂ ਰਾਹੀਂ ਭੇਜ ਰਿਹਾ ਹੈ, ਇਹ ਕੋਈ ਕਰਾਮਾਤੀ ਗਲਾਂ ਨਹੀਂ, ਇਹ ਤੇ ਜ਼ਿੰਦਗੀ ਦੀ ਰੀਸਰਚ ਹੈ ਜਿਹੜੇ ਪਾਸੇ ਕਿਸੇ ਦੀ ਰੁਚੀ ਹੋਵੇ, ਉਸ ਜੀਵ ਦਾ ਤਨ, ਮਨ, ਧਨ ਉਸੇ ਪਾਸੇ ਹੀ ਲਗਦਾ ਹੈ। ਸੋ ਕਹਿੰਦੇ ਹਨ ਤ੍ਰੈਗੁਣੀ ਖੇਲ ਅੰਦਰੋਂ ਜੇ ਮਨੁਖ ਇਸ ਸਚੇ ਅਖਾੜੇ ਵਿਚ ਆ ਜਾਵੇ ਤੇ ਉਹ ਸਚਾ ਸਾਹਿਬ ਸਰਬ ਸ਼ਕਤੀਆਂ ਆਪ ਹੀ ਬਖਸ਼ ਦੇਂਦਾ ਹੈ।

ਨਵੀਂ ਪਨੀਰੀ ਤੇ ਨਵੇਂ ਗੁਰਮਤਿ ਗਾਡੀਆਂ ਦੇ ਪਾਂਧੀਆਂ ਲਈ ਐਸੀਆਂ ਘਟਨਾਵਾਂ ਇਸ ਪਾਸੇ ਵਲ ਬਹੁਤ ਬਹੁਤ ਪਰੇਰਦੀਆਂ ਹਨ ਤੇ ਇਕ ਦੂਜੇ ਗੁਰਸਿਖਾਂ, ਮਿੱਤਾਂ, ਪੁਤਾਂ, ਭਾਈਆਂ ਨੂੰ ਵੇਖ ਮਨ ਅੰਦਰ ਚਾ ਉਪਜਦਾ ਹੈ ਕਿ ਐਸੀ ਅਵਸਥਾ ਸਾਨੂੰ ਵੀ ਪਰਾਪਤ ਹੋਵੇ, ਇਹੋ ਜੇਹੀ ਕੋਈ ਸ਼ਕਤੀ ਨਹੀਂ ਜੋ ਭਗਤੀ ਦੇ ਅਧੀਨ ਨਾ ਹੋਵੇ, ਭਗਤੀ ਭਾਵ ਦਾ ਮਾਰਗ ਤੇ ਬਿਖੜਾ ਹੈ ਪਰ ਜੇ ਕੋਈ ਗੁਰੂ ਕਿਰਪਾ ਸਦਕਾ ਗੁਰੂਦਵਾਰਿਉਂ ਪ੍ਰਾਪਤ ਕਰ ਲਵੇ ਹੋਰ ਐਸਾ ਦੁਵਾਰਾ ਕੋਈ ਨਹੀਂ ਜਿਥੋਂ ਇਹ ਅਮੋਲਕ ਦਾਤ ਪਰਾਪਤ ਹੋਵੇ। ਆਉ ਪਹਿਲਾਂ ਆਤਮਿਕ ਮੇਲੀਆਂ ਦੇ ਉਧਾਰਨ ਹੋਰ ਪੇਸ਼ ਕਰਦਾ ਹਾਂ ਪੜੋ ਪਿਆਰ ਨਾਲ ਤਕਰੀਬਨ ਪੰਦਰਾਂ ਜਾਂ ਸੋਲਾਂ ਸਾਲਾਂ ਦੀ ਗਲ ਹੈ ਵੀਰ ਮਨੋਹਰ ਸਿੰਘ ਜੀ ਬੰਬਈ ਵਾਲਿਆਂ ਦੀ ਜ਼ਬਾਨੀ ਦਾਸ ਨੇ ਸੁਣਿਆ ਕਿ ਇਕ ਦਿਨ ਸਾਰੇ ਸਿੰਘਾਂ ਭਾਂਡੁਪ ਤੋਂ ਭਾਈ ਸਾਹਿਬ ਦਰਸ਼ਨ ਸਿੰਘ ਜੀ ਹੋਰਾਂ ਸਮੇਤ ਬੰਬਈ ਦੀ ਕਿਸੇ ਆਬਾਦੀ ਅੰਦਰ ਹਫਤਾਵਾਰੀ ਕੀਰਤਨ ਸਮਾਗਮ ਤੇ ਜਾ ਰਹੇ ਸਨ। ਭਾਂਡੁਪ ਰੇਲਵੇ ਸਟੇਸ਼ਨ ਤੇ ਲੋਕਲ ਗਡੀ ਦੀ ਇੰਤਜ਼ਾਰ ਵਿਚ ਸਾਰੇ ਬੈਠ ਗਏ ਸਾਸ ਗਰਾਸੀ ਨਾਮ ਦੀਆਂ ਕਮਾਈਆਂ ਵਿਚ ਜੁਟੇ ਵੀਰ


www.AKJ.Org

ਦਰਸ਼ਨ ਸਿੰਘ ਜੀ ਗੋਡਿਆਂ ਉਤੇ ਬਾਹਵਾਂ ਰਖਕੇ ਬਾਹਵਾਂ ਉਤੇ ਸਿਰ ਨੂੰ ਧਰਕੇ,ਮਨ ਦੇ ਵਿਚਾਰਾਂ ਕਰਕੇ ਤਤਕਾਲ ਹੀ ਅਬੜਵਾਹੇ ਹੁਸ਼ਿਆਰ ਹੋ ਕਰ ਬੋਲੇ ਸਿੰਘੋ! ਅਜ ਭਾਈ ਜੀਵਨ ਸਿੰਘ ਜੀ ਆ ਰਹੇ ਹਨ, ਸਿੰਘਾਂ ਕਿਹਾ ਵੀਰ ਜੀ ਤੁਹਾਨੂੰ ਕਿਵੇਂ ਪਤਾ ਲਗਾ ਫਿਰ ਆਪਣੀ ਗਲ ਨੂੰ ਛਪਾਣ ਵਾਸਤੇ ਟਾਲ ਮਟੋਲਾ ਕਰਨ ਲਗੇ ਪਰ ਸਚਾਈਆਂ ਕਦੀ ਛੁਪੀਆਂ ਨਹੀਂ ਰਹਿੰਦੀਆਂ, ਚੜੇ ਚੰਨ ਕੁਨਾਲੀਆਂ ਨਾਲ ਢਕੇ ਨਹੀਂ ਜਾ ਸਕਦੇ, ਉਹਨਾਂ ਦੀਆਂ ਸੀਤਲ ਰਿਸ਼ਮਾਂ ਸੰਸਾਰ ਨੂੰ ਖੁਸ਼ੀ ਤੇ ਸੁਖੀ ਕਰ ਨਿਹਾਲ ਕਰਦੀਆਂ ਹੀ ਰਹਿੰਦੀਆਂ, ਧੰਨ ਤੇਰੀ ਗੁਰਸਿੱਖੀ ਸਤਿਗੁਰੂ ਜੀ! ਹਉ ਕੁਰਬਾਨੈ ਜਾਉ'ਬਾਰ ਬਾਰ ਬਲਹਾਰਨੇ,ਹਾਂ ਐਸੇ ਮੀਤ ਪਿਆਰਿਆਂ ਤੋਂ। ਇਹ ਸਚਾਈ ਹੈ ਕਿ ਉਸੇ ਦਿਨ ਭਾਈ ਸਾਹਿਬ ਜੀਵਨ ਸਿੰਘ ਜੀ ਧਰਮ ਪਤਨੀ ਸਮੇਤ ਬੰਬਈ ਪੁਜ ਗਏ। ਵੀਰ ਜੀ ਦਾ ਇਹ ਕੁਝ ਕਰਨਾ ਤੇ ਕਹਿਣਾ ਸੁਤੇ ਸਿਧ ਸੀ। ਇਹ ਸਹਿਜ ਸੁਭਾਵਕ ਕਹੇ ਹੋਏ ਬਚਨਾਂ ਨੇ ਸਾਰੇ ਸਿੰਘਾਂ ਦੇ ਮਨਾਂ ਅੰਦਰ ਬਹੁਤ ਹੀ ਸਤਕਾਰ ਪੈਦਾ ਕਰ ਦਿਤਾ। ਇਹ ਸਭ ਸਚੇ ਸਾਹਿਬ ਦੀਆਂ ਅਚਿੰਤ ਦਾਤਾਂ ਸਨ, ਜੋ ਆਪਣੇ ਭਗਤਾਂ ਦੀ ਵਡਿਆਈ ਪ੍ਰਗਟ ਕਰ ਦਿਖਾ ਰਿਹਾ ਸੀ। ਦਾਸ ਦਾ ਮੇਲ ਮਿਲਾਪ, ਆਤਮਿਕ ਮੇਲ ਐਸਾ ਪੱਕਾ ਹੋਇਆ ਕਿ ਤਿਆਰ ਬਰ ਤਿਆਰ ਪੂਰਨ ਸੰਤ ਗੁਰਮੁਖਿ ਪਿਆਰੇ ਬ੍ਰਹਮ ਗਿਆਨੀ ਬਾਬਾ ਅਤਰ ਸਿੰਘ ਜੀ, ਬਾਬਾ ਦੀਪ ਸਿੰਘ ਜੀ ਸ਼ਹੀਦ, ਭਾਈ ਮਨੀ ਸਿੰਘ ਜੀ, ਭਾਈ ਤਾਰੂ ਸਿੰਘ ਆਦਿ ਤੇ ਹੋਰ ਬੇਅੰਤ ਸ਼ਹੀਦ ਸਿੰਘਾਂ ਦੇ ਆਤਮਿਕ ਮੇਲ ਤੇ ਦੀਦਾਰ ਹੋਣ ਲਗੇ। ਬਸ, ਇਹ ਜੋ ਮੇਲ ਸਨ ਇਹਨਾਂ ਨੂੰ ਜਰਨਾ ਉਸ ਵੇਲੇ ਬੜਾ ਕਠਨ ਸੀ, ਪਰ ਗੁਰੂ ਸਾਹਿਬ ਦੀ ਕਿਰਪਾ ਨਾਲ ਇਹ ਮੇਲ ਬਣਿਆ ਰਿਹਾ ਤੇ ਆਤਮਿਕ ਮੇਲ ਦੀ ਇਹ ਅਜਬ ਖੇਲ ਦੇ ਬਹੁਤ ਹੀ ਅਨੰਦ ਪ੍ਰਾਪਤ ਹੁੰਦੇ ਰਹੇ। ਬਸ, 'ਕਹਿਬੇ ਕੋ ਸੋਭਾ ਨਹੀ ਦੇਖਾ ਹੀ ਪਰਵਾਨ' ਹੈ।

## 'ਪੂਰਨ' ਜੀ ਦਾ ਪਿਆਰ

ਦਾਸ ਭਾਵੇਂ ਦਸ ਬਾਰਾਂ ਮੀਲ ਦੀ ਦੂਰੀ ਤੇ ਰਹਿੰਦਾ ਸੀ, ਪਰ ਵੀਰ ਪੂਰਨ ਜੀ ਨਾਲ ਏਡਾ ਪਿਆਰ ਕਿ ਦਾਸ ਨੇ ਭਾਂਡੂਪ ਤੋਂ ਚਲ ਕੇ, ਪਰਭਾਤ ਕਾਲੋਨੀ ਸ਼ਾਂਤਾ ਕਰੂਜ਼ ਵੀਰ ਜੀ ਪਾਸ ਜਾ ਕੇ ਰਾਤ ਰਹਿਣਾ ਤੇ ਉਥੇ ਹੀ ਸਵੇਰ ਨੂੰ ਨਿਤਨੇਮ ਅਭਿਆਸ ਕਮਾਈਆਂ ਦੇ ਲਾਹੇ ਪਰਾਪਤ ਕਰਨੇ, ਵੀਰ ਜੀ ਅਕਸਰ ਸਰਬ-ਲੋਹੀ ਮਾਲਾ ਨਾਲ ਹੀ ਨਾਮ ਕਮਾਈਆਂ ਕਰਿਆ ਕਰਦੇ ਸਨ ਤੇ ਜਦੋਂ ਕਿਤੇ ਇਹ ਮਾਲਾ ਦਾਸ ਦੇ ਹਥਾਂ ਵਿਚ ਔਣੀ ਦਾਸ ਦੇ ਮਨ ਅੰਦਰ ਲਾਲਚ ਆ ਜਾਣਾ ਇਹ ਸਰਬ-ਲੋਹੀ ਮਾਲਾ ਵੀਰ ਜੀ ਦਾਸ ਨੂੰ ਬਖ਼ਸ਼ਸ਼ ਕਰਨ ਤੇ ਚੰਗਾ ਹੈ ਪਰ ਇਹ ਖ਼ਿਆਲ ਅੰਦਰ ਅੰਦਰ ਜਜ਼ਬ ਕਰ ਜਾਣੇ। ਇਹਨਾਂ ਦਿਨਾਂ ਅੰਦਰ ਵੀਰ ਜੀ ਬਹੁਤ ਗੂੜ੍ਹ-ਗੋਹਜ ਅਤੇ ਗੁਰਮਤਿ ਅੰਦਰ ਰਹਿ ਕੇ ਕਿਵੇਂ ਜੀਵਨ ਬਤੀਤ ਕਰੀਦਾ ਹੈ ਤੇ ਗੁਰਸਿਖਾਂ ਨਾਲ ਪਿਆਰ ਤੇ ਸੇਵਾ ਕਿਵੇਂ ਕਰੀਦੀ ਏ, ਹਉਮੈਂ ਤੋਂ ਕਿਵੇਂ ਬਚੀਦਾ ਏ ਇਤ ਆਦਿਕ ਬੇਅੰਤ ਪਹਿਲੂਆਂ ਤੋਂ ਹੁਸ਼ਿਆਰ ਤੇ ਖ਼ਬਰਦਾਰ ਕਰਦੇ ਰਹਿੰਦੇ ਸਨ। ਦਾਸ ਜਿਨਾ ਕੁ ਵੀਰ ਜੀ ਨਾਲ ਪ੍ਰੇਮ ਰਖਦਾ ਸੀ ਉਸਤੋਂ ਕਈ ਗੁਣਾ ਵਧ ਡਰ, ਕਿਉਂਕਿ ਨਿਰਾ ਪ੍ਰੇਮ ਵੀ ਕਿਸੇ ਲੇਖੇ ਨਹੀਂ ਜੇ ਭੈ ਨਾ ਹੋਵੇ, ਭੈ ਤੋਂ ਬਿਨਾਂ ਭਗਤੀ ਮਾਰਗ ਤੇ ਤੁਰਨਾ ਹੀ ਕਠਨ ਹੈ। ਇਹ ਗਲ ਪੱਕੀ ਦਿਰੜ ਕਰਨ ਵਾਲੀ ਹੈ ਕਿ ਗੁਰੂ ਸਾਹਿਬ, ਗੁਰ ਸੰਗਤਿ ਤੇ

www.AKJ.Org

ਗੁਰਸਿਖਾਂ ਤੋਂ ਡਰ ਕੇ ਰਹਿਣ ਵਾਲਾ ਮਨੁਖ ਕਦੀ ਹਾਰ ਨਹੀਂ ਖਾਂਦਾ, ਸਗੋਂ ਹਰ ਅਖਾੜੇ ਅੰਦਰੋਂ ਜਿਤ ਹੀ ਪਰਾਪਤ ਕਰਦਾ ਹੈ। ਹਾਂ ਜੀ, ਵੀਰ ਜੀ ਨਾਲ ਇਹ ਐਸੀਆਂ ਪੀਡੀਆਂ ਗੰਢਾਂ ਪਈਆਂ ਕਿ ਹੁਣ ਇਹ ਚੜ੍ਹੇ ਵੇਗਾਂ ਨੂੰ ਕੌਣ ਥੰਮੇ। ਕਈ ਵਾਰੀ ਅਸੀਂ ਡਿਊਟੀ ਤੇ ਜਾਣ ਲਈ ਕਠਿਆਂ ਘਰੋਂ ਤੁਰਨਾ ਤੇ ਸਟੇਸ਼ਨ ਤੇ ਪਹੁੰਚ ਕੇ ਕਈ ਗਡੀਆਂ ਉਨ੍ਹਾਂ ਮਿਸ ਕਰ ਦੇਣੀਆਂ, ਕਈ ਦਾਸ ਨੇ। ਪਮ ਮਤਵਾਲੇ ਹੋਇਆਂ ਇਥੋਂ ਵੀ ਵਿਛੜਨ ਲਈ ਦਿਲ ਨ ਕਰਨਾ।

ਇਹਨਾਂ ਦਿਨਾਂ ਅੰਦਰ ਬੀਬੀ ਭੁਪਿੰਦਰ ਕੌਰ ਜੀ ਦੇ ਅੰਗੂਠੇ ਤੇ ਐਸਾ ਉਠਾ ਉਠਿਆ ਕਿ ਉਹ ਵਿਚਾਰੇ ਬਹੁਤ ਹੀ ਬਿਹਬਲ ਹਾਲਤ ਵਿਚ ਰਿਹਾ ਕਰਨ, ਬਹੁਤ ਦਰਦ ਤੇ ਚਸਕਾਂ ਪੈਣੀਆਂ। ਇਹਨਾਂ ਦਿਨਾਂ ਅੰਦਰ ਵੀਰ ਜੀ ਨੇ 'ਇਕ ਅੰਦਰੋਂ ਸਿਆਣਾ ਬਾਹਰੋਂ ਭੋਲਾ' ਦੀ ਮਿਸਾਲ ਇਹੋ ਜੇਹੀ ਪੇਸ਼ ਕੀਤੀ ਕਿ ਤੁਹਾਡਾ ਬਦੋਬਦੀ ਹਾਸਾ ਨਿਕਲ ਜਾਵੇਗਾ। ਵੀਰ ਜੀ ਸਟੋਵ ਬਾਲਣ ਲਗੇ ਪਾਣੀ ਗਰਮ ਕਰਨ ਲਈ, ਪਹਿਲਾਂ ਤੇ ਡਬੀ ਨ ਲਭੇ, ਜੇ ਇਧਰ ਉਧਰ ਫਿਰ ਤੁਰ ਕੇ ਮਾਚਸ ਮਿਲੀ ਤੇ ਫਿਰ ਸਟੋਵ ਹੀ ਨਾ ਖਲੇ, ਜੇ ਸਟੋਵ ਬਾਲਣ ਲਗੇ ਤੇ ਉਹਦੀਆਂ ਲੂੰਬਾਂ ਉਪਰ ਉਠੀਆਂ, ਵੀਰ ਜੀ ਨਾਲੇ ਹਸੀ ਜਾਣ ਤੇ ਨਾਲ ਖੁਸ਼ ਹੋਈ ਜਾਣ, ਇੰਜ ਪਿਆ ਲਗਦਾ ਸੀ ਕਿ ਕਬੀਰ ਭਗਤ ਵਾਂਗੂ 'ਜਾਰੇ ਖਸਮ ਤੇ ਰਾਖੇ ਕਵਨਾ' ਦੀ ਖੇਲ ਕਰਨ ਲਗੇ ਹਨ, ਵੇਖ ਵੇਖ ਵਿਗਸੀ ਜਾਣ ਜਦੋਂ ਦੇਖਿਆ ਅੱਗ ਕਾਬੂ ਵਿਚ ਨਹੀਂ ਆ ਰਹੀ ਤੇ ਡਾਲੀ ਬਚੀ ਨੂੰ ਬੁਲਾਇਆ ਤੇ ਜੇਹੜੀ ਉਸਦੇ ਸਿਰ ਤੇ ਚੁਨੀ ਲਈ ਹੋਈ ਸੀ ਉਹ ਫੜਕੇ, ਅਧੀ ਵਿਚਾਰੀ ਦੇ ਗਲ ਵਿਚ ਹੈ ਤੇ ਅਧੀ ਸਟੋਵ ਤੇ, ਪਤਾ ਨਹੀਂ ਅਜ ਭੋਲੇ ਭਗਤ ਵਿਚਾਰੀ ਕੰਨਿਆਂ ਦਾ ਹਵਨ ਕਰਨ ਲਗੇ ਸਨ, ਅਗਲੇ ਕਮਰੇ ਵਿਚ ਜਦੋਂ ਧੂੰਆਂ ਗਿਆ ਤੇ ਤਾਂ ਬੀਬੀ ਭੁਪਿੰਦਰ ਕੌਰ ਜੀ ਨੂੰ ਪਤਾ ਲਗਾ, ਉਹਨਾਂ ਤਤਕਾਲ ਉਠ ਕੇ ਭੋਲੇ ਭਗਤਾਂ ਕੋਲੋਂ ਇਹ ਨਾ ਸਾਂਭੀ ਜਾਣ ਵਾਲੀ ਅੱਗ ਨੂੰ ਆਪ ਸੰਭਾਲਿਆ ਤੇ ਡਾਲੀ ਦੀ ਵੀ ਜਾਨ ਬਚਾਈ, ਨਹੀਂ ਤੇ ਵੀਰ ਜੀ ਤੇ ਸਭ ਕੁਝ ਹਰੀ ਹਰਿ ਹਰਿ ਕੇ ਲੇਖੇ ਲਾ ਦੇਣ ਲਗੇ ਸੀ, ਪਰ ਕਮਾਲ ਇਹ ਸੀ ਕਿ ਆਦਿ ਮਧ ਤੋਂ ਅੰਤ ਤਕ ਵੀਰ ਜੀ ਹਸਦੇ ਹੀ ਰਹੇ ਉਸ ਦਿਨ ਦਾਸ ਖੁਦ ਨਹੀਂ ਸੀ। ਇਹ ਵਾਰਤਾ ਬੀਬੀ ਜੀ ਹੋਰਾਂ ਦੀ ਜ਼ਬਾਨੀ ਕਲਾਮੀ ਦਾਸ ਪਾਸ ਪੁਜੀ।

ਪਾਠਕ ਜਨੋ, ਆਸ ਹੈ ਤੁਸੀਂ ਹਸ ਲਿਆ ਹੋਵੇਗਾ। ਤੁਹਾਡਾ ਜ਼ਰਾ ਮਨ ਖੁਸ਼ ਕਰਨ ਵਾਸਤੇ ਭਗਤ ਜਨਾਂ ਦੀ ਅਭੋਲ ਬਚੇ ਵਰਗੀ ਅਵਸਥਾ ਦਾ ਜ਼ਿਕਰ ਕੀਤਾ ਹੈ। ਆਉ ਜੁੜੋ ਫਿਰ ਅੰਤਰ-ਆਤਮੇ ਨਾਲ ਇਕ ਦਿਨ ਦਾਸ ਤੇ ਵੀਰ ਜੀ ਪਿਛਲੇ ਕਮਰੇ ਵਿਚ ਆਰਾਮ ਕਰਨ ਲਗੇ, ਜਦੋਂ ਕਿ ਵੀਰ ਜੀ ਦਾ ਦਾਸ ਹਰ ਤਰ੍ਹਾਂ ਬਹੁਤ ਸਤਕਾਰ ਕਰਦਾ ਸੀ, ਅਗਲੇ ਕਮਰੇ ਵਿਚ ਭੂਪ ਭੈਣ ਜੀ ਸਨ,ਪਿਛਲੇ ਕਮਰੇ ਅੰਦਰ ਇਕ ਮੰਜਾ ਖੁਲ੍ਹਾ ਤੇ ਕਾਫ਼ੀ ਉਚਾ ਸੀ, ਦਾਸ ਨੇ ਬੇਨਤੀ ਕੀਤੀ ਵੀਰ ਜੀ ਆਪ ਜੀ ਇਸਤੇ ਆ ਕੇ ਬਿਰਾਜਮਾਨ ਹੋਵੋ, ਦਾਸ ਇਹ ਥੱਲੇ ਵਾਲੀ ਛੋਟੀ ਮੰਜੀ ਤੇ ਬਿਰਾਜੇਗਾ, ਪਰ ਵੀਰ ਜੀ ਕਹਿਣ ਲਗੇ; ਨਹੀਂ ਯਾਰ ਅਸੀਂ ਛੋਟੀ ਮੰਜੀ ਤੇ ਬਿਰਾਜਾਂਗੇ, ਤੁਸੀਂ ਪਲੰਘ ਤੇ, ਪਰ ਇਹ ਗਲ ਬਣੇ ਕਿਵੇਂ, ਇਹ ਮਿੱਠੀ ਮਿੱਠੀ ਲੜਾਈ ਲੜਦਿਆਂ ਕਾਫ਼ੀ ਸਮਾਂ ਗੁਜ਼ਰਿਆ ਜਦੋਂ ਕਿ ਪਹਿਲਾਂ ਹੀ ਖਾਲਸੇ ਨੇ ਰਾਤ ਦੇ ਬਾਰਾਂ ਤੋਂ ਬਾਅਦ ਹੀ ਬਰਾਜਮਾਨ ਹੋਣ ਲਈ*

www.AKJ.Org

ਤਿਆਰੀ ਕੀਤੀ ਸੀ, ਆਖ਼ਰ ਉਹਨਾਂ ਦਬਕਾ ਮਾਰਿਆ ਜੋ ਕਿ ਮੇਰੇ ਵਾਸਤੇ ਹਮੇਸ਼ਾ ਹੀ ਉਹਨਾਂ ਦਾ ਅਖ਼ੀਰਲਾ ਹਥਿਆਰ ਹੋਇਆ ਕਰਦਾ ਸੀ ਬਸ ਉਹ ਵਰਤਣ ਦੀ ਦੇਰ ਸੀ ਫੇਰ ਕੇਹੜਾ ਬੋਲੇ, ਦਾਸ ਸਹਿਜੇ ਜਿਹੇ ਸਤ ਬਚਨ ਕਹਿਕੇ ਆਕੜ ਕੇ ਚੜ੍ਹ ਬੈਠਾ ਉਚੇ ਪਲੰਘ ਤੇ। ਮਨ ਅੰਦਰ ਸੂਖਸ਼ਮ ਹਉਮੈਂ ਵੀ ਆ ਗਈ ਕਿ ਵੀਰ ਜੀ ਮੇਰਾ ਏਡਾ ਸਤਿਕਾਰ ਕਰਦੇ ਹਨ, ਪਤਾ ਨਹੀਂ ਮੇਰੇ ਵਿਚ ਕੀ ਉਹਨਾਂ ਨੇ ਵੇਖਿਆ ਹੈ, ਮੈਨੂੰ ਇਹ ਗਲ ਤੇ ਯਾਦ ਹੀ ਨਾ ਰਹੀ ਕਿ ਮੂਰਖ ਤੇਰੇ ਵਿਚ ਐਸਾ ਸਤਕਾਰ ਕਰੌਣ ਵਾਲਾ ਤੇ ਇਕ ਵੀ ਗੁਣ ਨਹੀਂ, ਇਹ ਤੇ ਗੁਰਸਿਖਾਂ ਦੀ ਬਖਸ਼ਸ਼ ਹੋ ਰਹੀ ਏ ਤੈਨੂੰ ਇਹ ਦਸਿਆ ਜਾ ਰਿਹਾ ਹੈ ਕਿ ਗੁਰਸਿਖ ਮਿਤ੍ਰਾਂ ਦਾ ਸਤਕਾਰ ਕਿਵੇਂ ਕਰਨਾ ਚਾਹੀਏ। ਆਉ ਜੀ, ਜੀ ਆਇਆਂ ਕਹਿ ਕੇ ਆਪ ਭਾਵੇਂ ਭੁਖੇ ਰਹੀਏ ਗੁਰਸਿਖਾਂ ਨੂੰ ਰਜਾ ਕੇ ਘਲੀਏ ਆਪ ਭਾਵੇਂ ਨੰਗੇ ਰਹੀਏ ਗੁਰਸਿੱਖਾਂ ਨੂੰ ਪਹਿਨਾ ਕੇ ਘਲੀਏ। ਆਪ ਭਾਵੇਂ ਭੂਮ ਆਸਣ ਕਰੀਏ ਗੁਰਸਿਖਾਂ ਨੂੰ ਪਲੰਘ ਲੇਫ਼ ਨਿਹਾਲੀਆਂ ਦੇ ਕੇ ਤਨ, ਮਨ, ਧਨ ਕੁਰਬਾਨ ਕਰ ਸੇਵਾ ਕਰੀਏ, ਕਲਗੀਵਾਲੇ ਪਿਤਾ ਇਹ ਮਾਦਾ, ਇਹ ਖੁਲਦਿਲੀ, ਇਹ ਪਿਆਰ ਤੇ ਸਤਕਾਰ ਤੇਰੇ ਗੁਰਸਿਖਾਂ ਬਿਨਾਂ ਹੋਰ ਕੋਈ ਨਹੀਂ ਦੇ ਸਕਦਾ।

## ਗਾਇਬੀ ਚਮਤਕਾਰ

ਵਾਹ ! ਵਾਹ !! ਪਿਆਰੇ !!! ਪਿਤਾ ਜੀ ਘੋਲ ਘੋਮਾਈ ਹਾਂ ਤੇਰੀ ਪਿਆਰੀ ਗੁਰਸਿਖੀ ਤੋਂ, ਦਾਸ ਜਦੋਂ ਸ੍ਰੀ ਕੀਰਤਨ ਸੋਹਿਲੇ ਦਾ ਪ੍ਰੇਮ ਸਾਹਿਤ ਪਾਠ ਕਰ ਰਿਹਾ ਸੀ ਤੇ ਪਤਾ ਨਹੀਂ ਆਈ ਹਉਮੈਂ ਤਾਂ ਤੱਤ ਕਾਲ ਹੀ ਬਿਨਾਸ਼ ਹੋ ਗਈ ਨਿਰਮਲ ਤੇ ਪਿਆਰ ਭਰੇ ਮਨ ਨਾਲ ਕੀਤੇ ਪਾਠ ਨੇ ਟਿਕਾਉ ਬਖਸ਼ਿਆ ਤੇ ਦਾਸਰਾ ਕੁਝ ਮਿੰਟ ਇਸੇ ਅਨੰਦ ਵਿਚ ਚੌਕੜਾ ਮਾਰ ਬੈਠਾ ਰਿਹਾ ਪਰ ਜਦੋਂ ਅੜਿੰਗ ਬੜਿੰਗ ਹੋਣ ਵਾਸਤੇ ਦਾਸਰੇ ਨੇ ਪਿਛਾਂ ਸਿਰ ਝੁਕਾਇਆ ਤੇ ਸਿਰ ਜਿਸ ਵੇਲੇ ਸਿਰਹਾਨੇ ਨਾਲ ਜਾਕੇ ਛੁਹਿਆ ਐਸਾ ਚਮਕਾਰਾ ਵਜਿਆ ਜਿਸਨੇ ਰਬੜ ਦੀ ਗੇਂਦ ਵਾਂਗ ਉਤਾਂਹ ਉਭਾਰ ਮਾਰਿਆ ਸਰੀਰ ਅੰਦਰ ਝਰਨਾਟਾਂ ਛਿੜ ਗਈਆਂ। ਫਿਰ ਕੁਝ ਚਿਰ ਇਸੇ ਅਨੰਦ ਵਿਚ ਬੈਠਾ ਰਿਹਾ ਪਰ ਦੂਜੀ ਵਾਰੀ ਜਦੋਂ ਫਿਰ ਸਿਰ ਝੁਕਿਆ ਤੇ ਅਗੇ ਨਾਲੋਂ ਵੀ ਜ਼ਿਆਦਾ ਪ੍ਰਕਾਸ਼ ਹੀ ਪ੍ਰਕਾਸ਼ ਹੋਇਆ ਕੇ ਬਸ ਇਸ ਵਾਰੀ ਤੇ ਇੰਜ ਮਹਿਸੂਸ ਹੋ ਸੀ ਰਿਹਾ ਕਿ ਦਾਸ ਮਾਤ ਲੋਕ ਨਹੀਂ ਸਗੋਂ ਕਿਤੇ ਇਸ ਲੋਕ ਤੋਂ ਅਤ ਉਚੇ ਲੋਕ ਦੇ ਉਚ ਅਟਾਰਿਆਂ ਵਿਚ ਬੈਠਾ ਹੈ ਤੇ ਨਾਮ ਅਭਿਆਸ ਦਾ ਐਸਾ ਤੋਰਾ ਤੁਰਿਆ ਕਿ ਹੁਣ ਕੌਣ ਰੋਕੇ। ਚਮਤਕਾਰ ਦੇ ਅਸਰ ਘਟਣ ਨਾਲ ਤੀਜੀ ਵਾਰ ਜਦੋਂ ਦਾਸ ਦੇ ਸਿਰ ਨੇ ਝੁਕਾ ਲਿਆ ਤੇ ਫ਼ਿਰ ਉਸੇ ਤਰਾਂ ਚਮਤਕਾਰ ਤੇ ਉਭਾਰ ਹੋਇਆ ਨਾਮ ਦਾ ਖੰਡਾ ਪਿਆ ਖੜਕੇ, ਇਹ ਗਾਇਬੀ ਅਨੰਦ ਰਸ ਤੇ ਗਾਇਬੀ ਚਮਤਕਾਰਾਂ ਨੇ ਦਾਸ ਨੂੰ ਮੁਰਦੇ ਵਾਂਗ ਮੁਰੀਦ ਹੀ ਬਣਾ ਦਿਤਾ ਜਿਸ ਵੇਲੇ ਤੀਜੀ ਵਾਰੀ ਸੁਰਤ ਪਰਤੀ ਦਾਸ ਦੇ ਮਨ ਅੰਦਰ ਇਹ ਫ਼ੁਰਨਾ ਉਪਜਿਆ ਆਖਿਰ ਕੋਈ ਖੇਲ ਅਜ ਜ਼ਰੂਰ ਹੋ ਰਹੀ ਹੈ ਮੇਰੀ ਤੇ ਇਤਨੀ ਕਮਾਈ ਨਹੀਂ ਜਿਸ ਨਾਲ ਇਨੇ ਨੂਰ ਦਾ ਮੈਂ ਹਕਦਾਰ ਹੋਵਾਂ ਇਹ ਕੋਈ ਬਖਸ਼ਸ਼ ਹੋ ਰਹੀ ਹੈ ਪਰ ਦੇਖ ਤੇ ਲਈਏ ਕਿ ਸਿਰਹਾਨੇ ਨਾਲੋਂ ਇਹ ਕੁਝ ਹੁੰਦਾ ਹੈ ਸਿਰਹਾਣੇ ਅੰਦਰ ਐਸੀ ਕੇਹੜੀ ਚੀਜ਼ ਹੈ ਵੀਰ ਜੀ ਹੋਰਾਂ ਸਵੇਰੇ*

www.AKJ.Org

# ਅਨਮੋਲ-ਰਤਨ

o-o-o-o-o-o-o-o-o-o-o-o-o

(ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ 'ਜੇਲ੍ਹ-ਚਿੱਠੀਆਂ ਵਿਚੋਂ ਚੋਣਵੇਂ ਰਤਨ)

[ਪਿਛੇ ਤੋਂ ਅਗੇ—ਨੰ: 8]

( ਸੰਗ੍ਰਹਿ ਕਰਤਾ—ਭਾਈ ਮਨਮੋਹਨ ਸਿੰਘ ਜੀ ਪਟਨਾ )

੬੩ ਇਹ ਵੀਰ (ਭਾ: ਨਿਰਭੈ ਸਿੰਘ) ਜਦੋਂ ਮੁਲਾਕਾਤ ਹਿਤ ਹਜ਼ਾਰੀ ਬਾਗ ਸ਼ਹਿਰ ਤੋਂ ਪੈਰੀਂ ਤੁਰ ਕੇ ਜੇਲ੍ਹ ਵਲ ਨੂੰ ਅੰਮ੍ਰਿਤ ਵੇਲੇ ਹੀ ਆ ਰਿਹਾ ਸੀ ਤਾਂ ਸੜਕ ਤੇ ਆਉਂਦਿਆਂ ਨੂੰ ਰਾਹ ਵਿਚ ਇਹਨਾਂ ਦੇ ਕੰਨੀਂ ਗੁਰਬਾਣੀ ਦੇ ਵੈਰਾਗ-ਮਈ ਪਾਠ ਦੀ ਮਿੱਠੀ ਮਿੱਠੀ ਭਿਣਕ ਪਈ।...... ਪਰ ਬੜੀ ਹੈਰਾਨੀ ਵਿਚ...... ਕਿ ਸਿਖੀ ਦਾ ਤਾਂ ਇਤ ਵਲ ਨਾਮ ਨਿਸ਼ਾਨ ਨਹੀਂ, ਨੌਵੇਂ ਮਹਲੇ ਦੇ ਸਲੋਕ ਮਧੁਰ ਧੁਨੀ ਵਿਚ ਕੌਣ ਪੜ੍ਹਦਾ ਹੈ ?......ਨਜ਼ਰ ਉਠਾ ਕੇ ਨੀਝ ਲਾ ਕੇ ਵੇਖਿਆ ਤਾਂ ਜੇਲ੍ਹ ਵਲੋਂ ਆ ਰਹੀ ਸੜਕੇ ਇਕ ਸਿਪਾਹੀ ਜੇਲ੍ਹ ਵਰਦੀ ਵਿਚ ਆ ਰਿਹਾ ਹੈ।......ਉਸਦੀਆਂ ਅਧਮੀਟੀਆਂ ਹੰਝੂ-ਕਿਰਨੀ ਅਖੀਆਂ ਇਕਸ ਬਾਝੋਂ ਹੋਰ ਕੁਝ ਨਹੀਂ ਦੇਖਦੀਆਂ ਪਰਤੀਤ ਹੰਦੀਆਂ........ ਵੀਰ ਨਿਰਭੈ ਸਿੰਘ ਦਾ ਜੀਉ ਨਹੀਂ ਕਰਦਾ ਸੀ ਕਿ ਉਸ ਨੂੰ ਇਸ ਅਨੰਦ ਦਸ਼ਾ ਤੋਂ ਉਲਟ ਕਰੇ, ਪਰ ਇਸ ਦਾ ਪੇਮ ਬੈਰਾਗ ਭੀ ਉਛਾਲੇ

---

*ਅੰਮ੍ਰਿਤ ਵੇਲੇ ਉਠਣ ਦਾ ੨ ਵਜੇ ਦਾ ਅਲਾਰਮ ਲਗਾਇਆ ਹੋਇਆ ਸ਼ੀ ਉਹ ਵੀ ਵਜ ਗਿਆ ਤੇ ਕਿਆ ਸਵਣਾ ਕਿਆ ਜਾਗਣਾ ਦੀ ਅਵਸਥਾ ਦੇ ਮਾਲਕ ਪੂਰਨ ਵੀਰ ਜੀ ਤਤਕਾਲ ਸਾਵਧਾਨ ਹੋ ਗਏ ਤੇ ਦਾਸ ਨੇ ਸਰਹਾਣੇ ਥਲੇ ਹਥ ਮਾਰਿਆ ਤੇ ਥਲੇ ਸਰਬ ਲੋਹੀ ਸਰਬਕਾਲ ਸਰਬ ਠੌਰ ਦੀ ਪੁਤਰੀ ਸਰਬਲੋਹੀ ਮਾਲਾ ਪਈ ਹੋਈ ਸੀ। ਜਿਸ ਨਾਲ ਵੀਰ ਜੀ ਕਈਆਂ ਸਾਲਾਂ ਤੋਂ ਨਾਮ ਅਭਿਆਸ ਦੀਆਂ ਕਮਾਈਆਂ ਕਰਦੇ ਆ ਰਹੇ ਸਨ ਤੇ ਇਸੇ ਅੰਦਰ ਨਾਮਦੀਆਂ ਧੁਨੀਆਂ ਪ੍ਰਵੇਸ਼ ਹੋਕਰ ਇਹ ਕਲਾਧਾਰੀ ਬਣ ਚੁਕੀ ਸੀ ਬਸ ਫ਼ਟਾ ਫ਼ਟ ਉਠ ਕਰ ਅਸ਼ਨਾਨ ਪਾਨ ਸੋਧੇ ਤੇ ਦਾਤਾਰ ਦੀ ਕਾਰ ਵਿਚ ਜੁਟ ਗਏ ਇਸ ਤੋਂ ਅਗੇ ਸਮਾਂ ਬਤੀਤ ਹੁੰਦਾ ਗਿਆ ਇਸ ਸਰਬਲੋਹੀ ਮਾਲਾ ਨਾਲ ਦਾਸ ਨੂੰ ਬਹੁਤ ਪਿਆਰ ਹੋ ਗਿਆ ਆਖ਼ਰ ਇਕ ਦਿਨ ਐਸਾ ਆਇਆ ਵੀਰ ਜੀ ਨੇ ਇਕ ਦਿਨ ਅੰਮ੍ਰਿਤ ਵੇਲੇ ਇਹ ਮਾਲਾ ਦਾਸ ਵਲ ਵਗਾਹ ਕੇ ਮਾਰੀ ਲੇ ਯਾਰ ਤੇਰੀ ਬਹੁਤ ਚਿਰਾਂ ਦੀ ਇਹਦੇ ਤੇ ਅੱਖ ਹੈ ਉਸ ਮਾਲਾ ਦੇ ਮੋਤੀ ਅਜੇ ਵੀ ਸੰਭਾਲ ਕੇ ਰਖੇ ਪਏ ਹਨ। (ਚਲਦਾ)

www.AKJ.Org

ਮਾਰ ਉਠਿਆ ਅਤੇ ਬੇਤਹਾਸ਼ਾ ਧੜੰਮ ਦੇ ਕੇ ਉਸਦੇ ਚਰਨਾਂ ਉਤੇ ਜਾ ਡਿਗਿਆ।......

ਨਿਰਭੈ ਸਿੰਘ–ਆਪ ਨੂੰ ਸਿਖੀ ਦੀ ਲਾਗ ਕਿਵੇਂ ਲਗੀ ਤੇ ਇਹ ਸਲੋਕ ਆਪ ਨੇ ਕਿਥੋਂ ਸਿਖੇ ?

ਸਿਪਾਹੀ–ਜੀ ! ਐਥੋਂ ਦੇ ਸੈਂਟਰਲ ਜੇਲ੍ਹ ਵਿਚ ਦੇਸ਼ ਭਗਤੀ ਤੇ ਧਰਮ ਦੇ ਬਦਲੇ ਪੰਜਾਬੀ ਸਿਖ ਸਾਧੂ ਆਏ ਹੋਏ ਹਨ। ਇਹ ਸਭ ਉਹਨਾਂ ਦੀ ਸੰਗਤ ਦਾ ਉਤਮ ਫਲ ਹੈ। ਅਸਲ ਜਾਣੋਂ ਤਾਂ ਸਾਡੇ ਭਾਗਾਂ ਨੂੰ ਸ਼ੁਭ ਅੰਕੂਰ ਉਦੇ ਹੋਇਆ ਹੈ ਜੋ ਗੁਰੂ ਨਾਨਕ ਸਾਹਿਬ ਦੇ ਮਾਰਗ ਦਾ ਸਾਨੂੰ ਇਹਨਾਂ ਸਾਧੂ ਜਨਾਂ ਦੀ ਤੁਫ਼ੈਲ ਪਤਾ ਲਗਾ ਹੈ।

ਸਿਪਾਹੀ–ਦਾਸ ਦਾ ਨਾਉਂ ਕਲਪੂ ਸਿੰਘ ਹੈ ਅਤੇ ਮੈਂ ਛਤਰੀ ਹਾਂ, ਪਰ ਜੀ ਅਸੀਂ ਕਾਹਦੇ ਛਤਰੀ ਹਾਂ, ਅਸਲ ਛਤਰੀ ਤਾਂ ਸਿੰਘ ਸਾਧੂ ਸੂਰਮੇ ਹਨ। ਅਸੀਂ ਆਪਣੀਆਂ ਅੱਖਾਂ ਦੇ ਸਾਹਮਣੇ ਦੋ ਤਿੰਨ ਸਾਲਾਂ ਤੋਂ ਉਹਨਾਂ ਦੇ ਬੜੇ ਬੜੇ ਕਾਰਨਾਮੇ ਦੇਖ ਰਹੇ ਹਾਂ ਅਤੇ ਦੇਖ ਦੇਖ ਕੇ ਦੰਗ ਹੋ ਰਹੇ ਹਾਂ ਅਤੇ ਉਹਨਾਂ ਦੀ ਰਹਿਣੀ ਬਹਿਣੀ ਕਹਿਣੀ ਅਤੇ ਕਰਨੀ ਦਾ ਸਾਡੇ ਦਿਲਾਂ ਉਤੇ ਬਿਜਲੀ ਵਾਲਾ ਅਸਰ ਹੁੰਦਾ ਹੈ...

(ਪੰਨਾ ੩੯੨ ਤੋਂ ੩੯੪)

੬੪ (ਮੈਨੂੰ) ਦਿਨੇ ਬਾਹਰ ਫਿਰਨ ਦੀ ਖੁਲ੍ਹ ਤਾਂ ਦੇ ਦਿਤੀ, ਪਰ ਆਪਣੇ ਜਾਣੇ ਕੈਦ ਤਨਹਾਈ ਦੀ ਸਜ਼ਾ (ਏਕਾਂਤ ਸਜ਼ਾ) ਦਿਤੀ ਕਿ ਕਿਸੇ ਨਾਲ ਗਲ ਬਾਤ ਨਾ ਕਰ ਸਕੇ......ਸੰਗੀਆਂ ਸਾਥੀਆਂ ਵਿਚੋਂ ਵਿਛੋੜੇ ਤਾਂ ਦਾਸ ਨੂੰ ਜ਼ਰੂਰ ਹੋ ਗਏ ਪਰ ਉਸ ਰਮਣੀਕ ਗੁਜ਼ਾਨ ਏਕਾਂਤ ਅਸਥਾਨ ਨੂੰ ਵੇਖ ਕੇ ਬਿਰਤੀ ਹੋਰ ਭੀ ਖਿੜਾਉ ਵਿਚ ਖਿੜਦੀ ਜਾਵੇ। ਆਪ ਆ-ਮੁਹਾਰੀਆਂ ਕਾਂਗਾਂ ਉਠਣ। ਅੰਮ੍ਰਿਤ ਵੇਲੇ ਇਸ਼ਨਾਨ ਕੀ ਕੀਤਾ ਕਿ ਬਲਦੀ ਪ੍ਰੇਮ ਚੁਆਤੀ ਉਤੇ ਚਮਕ ਪੱਥਰ ਦੀ ਚਮਕ ਬਿਜਲੀ ਲਿਸ਼ਕ ਗਈ। ਡੋਲ ਬਾਲਟੀਆਂ ਹਥ ਵਿਚ ਫੜੀਆਂ ਹੀ ਰਹਿ ਗਈਆਂ। ਪੰਪ ਰੂਪੀ ਦਮਦਮੇ ਵਲੋਂ ਟੈਣ ਬਸੇਰੇ ਵਲ ਜਾਣਾ ਹੀ ਭੁੱਲ ਗਿਆ। ਬਸ "ਬੀਧੇ ਬਾਂਧੇ ਕਮਲ ਮਹਿ ਭਵਰ ਰਹੇ ਲਪਟਾਇ" ਅੰਦਰੋਂ ਅਮੀ ਲਪਟਾਂ ਆਉਣ ਤੇ ਪ੍ਰੇਮ ਕਾਂਗਾਂ ਉਠਣ। ਘਾਸ ਦੇ ਮਖ਼ਮਲੀ ਫ਼ਰਸ਼ ਉਤੇ ਸਮਾਧੀਆਂ ਲਗ ਗਈਆਂ। ਸੱਲ ਜੁਦਾਈ ਦੇ ਤੇ ਬਿੰਗ ਕਸਾਈਆਂ ਦੇ ਸਭ ਮਿਟ ਗਏ। ਪ੍ਰੇਮ ਰੰਗ ਰੰਗੀਜੀ ਬਿਰਹੇ ਬੇਦਨ ਪ੍ਰਿਆ ਪ੍ਰੀਤਮ ਸਿੱਕ ਸੱਧਰਾਂ ਵਾਲੀ ਉਪਜੀ ਤੇ ਕੀਰਤਨ ਲਹਿਰ ਉਠੀ।......

(ਪੰਨਾ ੪੧੦–੪੧੧)

੬੫ ...ਤਾਂ ਕੀ ਵੇਖਦਾ ਹਾਂ ਕਿ ਏਹੋ 'ਕੈਸੇ ਕਹਉ ਮੋਹਿ ਜੀਅ ਬੇਦਨਾਈ...' ਵਾਲਾ ਸ਼ਬਦ ਜੇਲ ਫਸੀਲ ਤੋਂ ਬਾਹਰ ਬੈਠਾ ਬੈਠਾ ਮੇਰਾ ਨਵਲ ਵੈਰਾਗੀ ਵੀਰ ਸਾਧੂ ਰਾਧਾ ਸਿੰਘ ਅਚਰਜ ਵੈਰਾਗ ਰੰਗਾਂ ਵਿਚ ਮਸਤ ਹੋਇ ਹੋਇ ਗਾ ਰਿਹਾ ਹੈ। ਅਧਮੀਚੇ ਨੇਤ੍ਰਾਂ ਵਿਚੋਂ ਤ੍ਰਪ ਤ੍ਰਪ ਨੀਰ ਵਹਿ ਰਿਹਾ ਹੈ। ਅਤੀਅੰਤ ਮੋਹਨੀ ਮਧੁਰ ਧੁਨੀ ਵਿਚ ਕੀਰਤਨ ਕਰ ਰਿਹਾ ਹੈ। ਮਾਨੋਂ ਅਕਹਿ ਰੱਸ ਲੈ ਰਿਹਾ ਹੈ......ਫੇਰ ਸ਼ਬਦ ਦਾ ਕੀਰਤਨ ਜੋਟੀਆਂ ਵਿਚ ਆਰੰਭ ਹੋ ਗਿਆ, ਇਕ ਵਾਰ ਉਹੀ ਤੁਕ ਓਧਰੋਂ ਤੇ ਉਹੀ ਤੁਕ ਦੂਜੀ ਵਾਰ ਏਧਰੋਂ। ਸ਼ਬਦ


www.AKJ.Org

ਆਤਮ ਸੰਜੋਗੀ ਹੀਅੜੇ ਰੁਣਝੁਣੀ ਧੁਨਾਂ ਵਿਚ ਜੁੜਕੇ ਮਹਿਵ ਹੋ ਗਏ। ਸੈਂਟਰਲ ਜੇਲ ਦਾ ਇਹ ਸੁੰਨਾ ਪਾਸਾ ਸੀ, ਨਹੀਂ ਤਾਂ ਤਕੜਾ ਇਕਠ ਹੋ ਜਾਂਦਾ। ਬਾਹਰਵਾਰ ਭੀ ਇਸ ਪਾਸੇ ਸੰਨੀ ਪਿਠ ਹੀ ਲਗਦੀ ਸੀ। ਪਰ ਸਾਧੂ ਰਾਧਾ ਸਿੰਘ (ਬਿਹਾਰੀ ਸਿਪਾਹੀ) ਜੀ ਖਬਰ ਨਹੀਂ ਕਿਸ ਅਰੀਮੀ ਖਿਚ ਦੁਆਰਾ ਖਿੱਚੇ ਹੋਏ ਪਿਛਵਾੜੇ ਆ ਗਏ, ਬੜਾ ਅਨੰਦ ਬੰਨ੍ਹਿਆਂ। ਅੰਦਰਲਾ ਪਹਿਰੇਦਾਰ ਭੀ ਪ੍ਰੇਮੀ ਜੀਉੜਾ ਹੀ ਸੀ ਉਹ ਭੀ ਜ਼ਰਾ ਦੂਰੀ ਤੇ ਬੁੱਤ ਬਣਿਆ ਖੜਾ ਰਿਹਾ। ਬੁੱਢਾ ਮੇਟ ਅੰਗੀਠੀ ਦਗਾਈ ਬੈਠਾ ਓਥੇ ਹੀ ਲੱਟੂ ਹੋ ਗਿਆ। ਐਸਾ ਰੱਸ ਬਝਾ ਕਿ ਬਿਰਛਾਂ ਦਾ ਡਾਲ ਡਾਲ ਪਾਤ ਪਾਤ ਭੀ ਧੁੰਨੀ ਅਲਾਪਦਾ ਜਾਪ ਰਿਹਾ ਸੀ......' ਪਰ ਅਜ ਤਾਂ ਤੀਜਾ ਪਹਿਰ ਹੋ ਗਿਆ ਏਧਰ ਕੋਈ ਜੇਲ ਅਫਸਰ ਭੀ ਨਹੀਂ ਆਇਆ। ਏਕਾਂਤ ਬਿਰਤ ਗੋਧਿਆਂ ਨੂੰ ਸਗੋਂ ਸੁੰਨ ਸਰਾਂ ਹੀ ਸੁਹਾਵੀ ਲਗਦੀ ਹੈ।

(ਪੰਨਾ ੪੧੨-੧੩)

੬੬ ਰੰਜ ਖਾਲਸੇ ਨੂੰ ਕੁਛ ਨਹੀਂ ਪਹੁੰਚਦਾ, ਕਾਲੇ ਲੇਖ ਲਿਖਣ ਵਾਲਿਆਂ ਨੂੰ ਹੀ ਅਲਸੇਟਾਂ ਪੈਣਗੀਆਂ ਅਤੇ ਰੰਜ ਪਹੁੰਚਨਗੇ। ਸਾਡਾ ਕੋਈ ਕੀ ਵਿਗਾੜ ਸਕਦਾ ਹੈ? ਜੋ ਨਿਰਦੋਸ਼ਿਆਂ ਤੇ ਦੂਸ਼ਣ ਲਾਏਗਾ ਉਹ ਆਪਣੀ ਆਕਬਤ ਹੀ ਖਰਾਬ ਕਰੇਗਾ ਅਤੇ ਆਪਣੇ ਪ੍ਰਮਾਰਥੀ ਰਾਹ ਵਿਚ ਆਪ ਹੀ ਕੰਡੇ ਬੀਜੇਗਾ ਜੋ ਉਸ ਨੂੰ ਹੀ ਚੁਭਣਗੇ ਅਤੇ ਓਸੇ ਨੂੰ ਹੀ ਚੁਗਣੇ ਪੈਣਗੇ।

(ਪੰਨਾ ੪੨੧)

੬੭ ਵਾਹ! ਬੰਦੀ ਅੰਦਰ ਬੰਦਗੀ ਕਰਾਵਨਹਾਰੇ ਦਾਤਾਰ, ਤੇਰੇ ਦਾਤ ਚੋਜ ਨਿਰਾਲੇ ਹਨ, ਸਚਮੁਚ ਤੇਰੇ ਨਾਮ ਭਜਨ ਦੇ ਪ੍ਰਤਾਪ ਕਰਿ ਅਜ ਸਾਨੂੰ ਬੰਦੀਖਾਨੇ ਹੀ ਬੈਕੁੰਠ ਧਾਮ ਬਣੇ ਹੋਏ ਹਨ। ਵਾਹ ਤੇਰੇ ਭਜਨ ਅਭਿਆਸ ਦੀਆਂ ਬਰਕਤਾਂ! ਜਦ ਤੋਂ ਅੰਤਰ ਆਤਮੇ ਆਨੰਦ ਖੇੜੇ ਖਿੜਾ ਛੜੇ ਤਾਂ ਅੰਤਰਿ ਬਾਹਰ ਸਾਰੇ ਹੀ ਖਿੜਿਆ ਹਰਿਆ ਬਾਗ ਦਿਖਾਈ ਦੇ ਰਿਹਾ ਹੈ। ਗੁਰ ਚਾਨਣ ਜੋਤਿ ਚਰਾਗ ਦੀਆਂ ਜੋਤਿ ਕਿਰਣਾਂ ਦੇ ਪ੍ਰਭਾਵ ਕਰਿ ਨਭ-ਨਾਭ ਅੰਤਰਿ ਜੋਤ ਰਸ ਸਰੋਵਰ ਹੀ ਲਹਿ-ਲਹਾਇ ਰਿਹਾ ਹੈ।

(ਪੰਨਾ ੪੨੧-੨੨)

੬੮ ਰਾਤ ਨੂੰ ਠੰਡੀਆਂ ਮਿਠੀਆਂ ਪ੍ਰੇਮ-ਗੰਧ ਲਪਟਾਇਨ ਪਉਣਾ ਅੰਦਰ ਗੁਫਾ ਵਿਚ ਸਜਿਆਂ ਨੂੰ ਹੀ ਖੁਲ੍ਹੀਆਂ ਡੁਲੀਆਂ ਆਉਣ, ਸੁਰਤ ਸਹਜਿ ਗਗਨ ਉਡਾਹੀਆਂ ਦੇ ਚੜ੍ਹਾਉ ਚੜ੍ਹੇ ਰਹਿਣ ਅਤੇ ਦਿਨੇ ਉਸ ਤੋਂ ਭੀ ਅਧਿਕ ਮੌਜ ਮਲ੍ਹਾਰਾਂ ਬਣੀਆਂ ਰਹਿਣ। ਕਦੇ ਗੁਲਾਬ ਦੇ ਬੂਟਿਆਂ ਹੇਠ ਤਾੜੀਆਂ ਜਾ ਲਗਣ...... ਉਛਾਲੇ ਉਠਣ ਤਾਂ ਕੀਰਤਨ ਦੀਆਂ ਘੁੰਮਰਾਂ ਪੈਣ ਲਗ ਜਾਣ। ਦਾਸ ਦੀ ਦਿਨ ਰੈਣ ਅਖ ਉਘੜੇ ਹੀ ਨਾ। ਅੰਬ, ਨਿਮਾਂ ਦੀਆਂ ਗੂਹੜੀਆਂ ਛਾਵਾਂ ਆਪਣੇ ਵਲ ਅਲਗ ਖਿਚ ਪਾਉਣ, ਸੁਗੰਧਤੀ ਚਮਨਾਂ ਵਿਚਕਾਰ ਪਿਛੇ ਸਬਜ਼ ਮਖਮਲੀ ਨਰਮ ਘਾਸ ਦੇ ਫਰਸ਼ ਆਪਣੀ ਵਲ ਧੂਹਣ, ਪਰ ਜਿਥੇ ਬਹੀਏ ਤਿਥੇ ਘੰਟਿਆਂ ਬੱਧੀ ਬੈਠੇ ਹੀ ਰਹੀਏ। ਕੋਈ ਟੁੰਮ ਕੇ ਹਿਲਾਵੇ ਤਾਂ ਭੋਜਨ ਅਹਾਰ ਤਿਆਰ ਕਰਨਾ ਸੁਝੇ ਨਹੀਂ ਤਾਂ ਪਈਆਂ ਰਸਦਾ


www.AKJ.Org

ਇਕਠੀਆਂ ਹੁੰਦੀਆਂ ਰਹਿਣ। ਕਈ ਕਈ ਦਿਨਾਂ ਪਿਛੋਂ ਇਕ ਵਾਰੀ ਸਾਰੀ ਸਮਗਰੀ ਲੇਖੇ ਲਾ ਲੈਣੀ। ਅਥਿਤੀਆਂ ਦੀਆਂ ਪਾਤਾਂ ਪੰਗਤਾਂ ਏਥੇ ਅਗੇ ਨਾਲੋਂ ਭੀ ਅਧਿਕ ਅਨੰਦਤਾ, ਸੁਗਮ ਸੁਧੀਰਤਾ ਸਹਿਤ ਲਗਣਾ।

......ਉਦਾਲੇ ਛਪਾਲੇ ਸਬਜ਼ੀ ਭਾਜੀ ਦਾ ਕੋਈ ਅੰਤ ਨਾ, ਜਿੰਨੇ ਚਾਹੋ ਦੇਗੇ ਚਾੜ੍ਹੋ, ਪਰ ਇਥੇ ਖਾਣ ਪੀਣ ਦੀ ਕੀਹਨੂੰ ਸੁਝਦੀ ਸੀ, ਨਾਮ ਭੋਜਨ ਅਹਾਰ ਦੇ ਰਜਵੇਂ ਅਧਾਰ ਬਣੇ ਰਹਿੰਦੇ ਸੀ। ਦੋਖੀਆਂ ਨੇ ਤਾਂ ਆਪਣੇ ਜਾਣੇ ਦੁਖ ਦੇਣ ਲਈ ਅਤੇ ਔਖਾ ਕਰਨ ਲਈ ਇਸ ਇਕੱਲ ਦੀ ਸਜ਼ਾ ਦਿਤੀ ਸੀ ਪਰ ਏਥੇ ਔਖਿਆਈਆਂ ਕਾਹਦੀਆਂ ਸਗੋਂ ਅਠੋ ਪਹਿਰ ਸਦਾ ਬਸੰਤ ਬਹਾਰ–ਬਿਨੋਦ ਬਣੇ ਰਹਿਣ......।

(ਪੰਨਾ ੪੨੨–੨੩)

੬੯ ਇਕ ਦਿਨ ਘਨਘੋਰ ਛਾਈ ਹੋਈ ਅਤੇ ਨਿੰਮੀ ਨਿੰਮੀ ਪੁਹਾਰ ਪੈ ਰਹੀ ਸੀ, ਅਸੀਂ ਬਾਹਰ ਚਿਤਰਕੁਟੀ ਬਿਰਛਾਂ ਤਲੇ ਆਪਣੇ ਆਤਮ ਰੰਗਾਂ ਵਿਚ ਬੈਠੇ ਅਨੰਦ ਲੈ ਰਹੇ ਸਾਂ ਕਿ ਅਮਰੀ ਕਾਂਗਾਂ ਉਠੀਆਂ। ਆਏ ਵੇਗਾਂ ਨੂੰ ਕੌਣ ਰੋਕੇ। "ਮੋਹਨ ਪ੍ਰਾਨ ਮਾਨ ਰਾਗੀਲਾ" ਦਾ ਸ਼ਬਦ ਤ੍ਰਾਨਾ ਤ੍ਰੰਗ ਉਠਿਆ ਅਤੇ ਸੁਤੇ ਹੀ ਰਾਗ ਮਲ੍ਹਾਰ ਦੀ ਸ਼ਾਨ ਬੱਝ ਗਈ। ਮਾਨੋ ਅਨਿਕ ਬਜੰਤਰ ਤਾਲ ਬਜਦੇ ਹਨ, ਅਤੇ ਦਿਲ-ਚੀਰਵੀਂ ਪੰਚਮ ਸੁਰ ਸੁਰਤੰਜਨੀ ਧੁਨੀ ਬਲੰਦ ਹੋਈ। ਸਾਰਾ ਨਭ ਪੁਲਾੜ ਗੂੰਜ ਉਠਿਆ। ਸੁਰਤਾਰ ਸੁੰਦਰ ਸਰੋਦ ਉਤਾਹਾਂ ਹੀ ਉਤਾਹਾਂ ਚੜ੍ਹਦਾ ਜਾਵੇ ਤੇ ਸ਼ਬਦ ਦੇ ਕੀਰਤਨ ਦੀ ਗੂਜ ਪਵੇ......ਸਾਰੇ ਜੇਲ੍ਹ ਵਿਚ ਧੁਨੀ ਗੂੰਜ ਉਠੀ। ਕੈਦੀ ਲੋਕ ਨਾਲ ਦੇ ਕਾਰਖਾਨਿਆਂ ਤੋਂ ਕੰਮ ਛਡ ਛਡ ਆਣ ਖਲੋਤੇ। ਸਾਰੇ ਚਕਰ ਚੁਰਸਤਿਆਂ ਮੂਹਰੇ ਝੁਰਮਟਾਂ ਆਣ ਲਗੀਆਂ। ਜੇਲ੍ਹ ਗੇਟ ਦੇ ਦਫ਼ਤਰੀ ਭੀ ਦਫ਼ਤ੍ਰਾਂ ਨੂੰ ਛਡ ਛਡ ਆ ਉਦਾਲੇ ਜਮ੍ਹਾ ਹੋਏ। ਜੇਲ੍ਹੋਂ ਬਾਹਰ ਬੰਗਲਿਆਂ ਵਿਚ ਭੀ ਘਨਘੋਰਾਂ ਜਾ ਸੁਣਾਈ ਦਿਤੀਆਂ। ਜੇਲ੍ਹਰ ਹੁਰੀਂ ਭੱਜੇ ਆਇਣ, ਸਾਹ ਨਾਲ ਸਾਹ ਨਾ ਰਲੇ।

(ਪੰਨਾ ੪੨੮)

---

ਰੀਵੀਊ—

## "ਬ੍ਰਹਮ-ਵੀਚਾਰ"

ਸੰਗਤਾਂ ਨੂੰ ਇਹ ਜਾਣਕੇ ਖੁਸ਼ੀ ਹੋਵੇਗੀ ਕਿ ਪੰਥ-ਸੇਵਕ ਗਿ: ਦਲਜੀਤ ਸਿੰਘ ਜੀ 'ਕਮਲ' ਨੇ **500** ਸਾਲਾ ਪ੍ਰਕਾਸ਼ ਉਤਸ਼ਵ ਦੇ ਸਬੰਧ ਅੰਦਰ ਅਮੁਲੀ ਦਾਤ "ਬ੍ਰਹਮ-ਵੀਚਾਰ" ਨਾਮ ਦੀ ਪੁਸਤਕ ਲਿਖੀ ਹੈ ਜੋ ਛੇਤੀ ਹੀ ਛਪਕੇ ਤਿਆਰ ਹੋ ਰਹੀ ਹੈ, ਇਸ ਲਈ ਜਥੇ ਦੇ ਸਿੰਘਾਂ ਨੂੰ ਤੇ ਹੋਰ ਸਭ ਸਭਾ ਸੁਸਾਇਟੀਆਂ, ਜਥੇਬੰਦੀਆਂ, ਪ੍ਰਬੰਧਕ ਕਮੇਟੀਆਂ ਨੂੰ ਬੇਨਤੀ ਹੈ ਕਿ ਸਤਿਗੁਰੂ ਜੀ ਦੇ ਪ੍ਰਕਾਸ਼ ਆਗਮਨ ਤੇ ਇਸ ਪੁਸਤਕ ਨੂੰ ਪਰਚਾਰ ਹਿਤ ਵੰਡਣ ਲਈ ਵਧ ਤੋਂ ਵਧ ਪਰਾਪਤ ਕਰੋ। ਇਸਦੀ ਭੇਟਾ ਦੇਸ **2-50** ਰੁ: ਪ੍ਰਦੇਸ **5-00** ਰੁਪੈ ਹੋਵੇਗੀ।

ਸੋ ਤੁਰਤ ਹੀ ਆਰਡਰ ਭੇਜਣ ਵਾਲੇ ਵੀਰ 'ਸੂਰਾ' ਪ੍ਰੈਸ ਪਟਿਆਲਾ ਜਾਂ ਸ੍ਰੀ ਗੁਰੂ ਨਾਨਕ ਦਰਬਾਰ ਨਾਸਿਕ ਸਿਟੀ ਨੰ: **1** ਨੂੰ ਇਤਲਾਹ ਤੇ ਮਾਇਆ ਭੇਜਕੇ ਨਿਵਾਜੋ। **50** ਪੁਸਤਕਾਂ ਤੋਂ ਉਪਰ ਉਪਰ ਪੁਸਤਕਾਂ ਲੈਣ ਵਾਲੇ ਵੀਰਾਂ ਦੇ ਤੇ ਜਥਿਆਂ ਦੇ ਨਾਮ ਉਪਰ ਛਾਪੇ ਜਾਣਗੇ।

(ਐਡੀਟਰ)


www.AKJ.org

# ) ਹਉਮੈ ਦੀਰਘ ਰੋਗ ਹੈ (

(ਭਾ: ਕਰਮ ਸਿੰਘ ਜੀ 'ਭੰਡਾਰੀ' ਬਰਨਾਲਾ)

[ ਲੜੀ ਜੋੜਨ ਲਈ ਦੇਖੋ ਜੁਲਾਈ 1969 ਦਾ ਪਰਚਾ–ਕਿਸ਼ਤ ਨੰ: ੩ ]

ਸ੍ਰੀ ਗੁਰੂ ਤੇਗ ਬਹਾਦਰ ਜੀ ਹਉਮੈ ਦੇ ਤਿਆਗਣ ਵਾਲੇ ਮਨੁਖ ਨੂੰ ਪ੍ਰਸੰਸਾ ਭਰੀ ਵਡਿਆਈ ਬਖਸ਼ਦੇ ਹੋਏ ਮਹਾਂਵਾਕ ਉਚਾਰਨ ਕਰਦੇ ਹਨ ਕਿ 'ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ । ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ' ।੨੨। ਜਿਹ ਪ੍ਰਾਨੀ ਹਉਮੈ ਤਜੀ ਕਰਤਾ ਰਾਮ ਪਛਾਨ ।। ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨ।।

ਸਤਿਗੁਰੂ ਜੀ ਇਨ੍ਹਾਂ ਦੋਨਾਂ ਸਲੋਕਾਂ ਵਿਚ ਸਮਝਾਉਣਾ ਕਰਦੇ ਹਨ ਕਿ ਹਉਮੈ ਰਹਿਤ ਮਨੁਖ ਵਿਚ ਅਤੇ ਪ੍ਰਮਾਤਮਾ ਵਿਚ ਕੋਈ ਭੇਦ ਨਹੀਂ ਹੁੰਦਾ (ਕਿਉਂਕਿ ਮਨੁਖ ਦਾ ਜਦੋਂ ਹੰਕਾਰ ਦਾ ਪਰਦਾ ਫਟ ਜਾਂਦਾ ਹੈ ਤਾਂ ਇਸਨੂੰ ਸਾਰਾ ਬ੍ਰਹਮ ਹੀ ਇਸ ਦੀ ਆਪੇ ਦੀ ਖੇਡ ਦਿਖਾਈ ਦਿੰਦਾ ਹੈ ਇਸਨੂੰ ਇਸ ਤਰਾਂ ਮਹਿਸੂਸ ਹੁੰਦਾ ਹੈ ਜਿਵੇਂ ਕਿ ਸਾਰੀ ਦੁਨੀਆਂ ਹੀ ਉਸਦੇ ਹੁਕਮ ਅੰਦਰ ਕੰਮ ਕਰ ਰਹੀ ਹੋਵੇ ਉਹ ਜਦੋਂ ਚਾਹੇ ਵਿਨਸ਼ ਦੇਵੇ ਤੇ ਜਦੋਂ ਚਾਹੇ ਪ੍ਰਗਟ ਕਰ ਦੇਵੇ ਇਸ ਤਰਾਂ ਉਸ ਮਨੁਖ ਨੂੰ ਇਸ ਹੋ ਰਹੀ ਜਗਤ ਖੇਡ ਨੂੰ ਦੇਖ ਕੇ ਹਉਮੈ ਦੀ ਜਗਾ ਪ੍ਰਸੰਸਾ ਹੁੰਦੀ ਹੈ । ਕਿਉਂਕਿ ਉਸਨੂੰ ਇਹ ਮਹਿਸੂਸ ਹੋ ਗਿਆ ਹੁੰਦਾ ਹੈ ਕਿ ਹੁਣ ਮੈਂ ਉਸ ਪ੍ਰਮਾਤਮਾਂ ਦੀ ਹੀ ਇਕ ਅਟੁਟ ਅੰਸ ਬਣ ਚੁਕਾ ਹਾਂ) ਅਜੇਹੇ ਹਉਮੈ ਰਹਿਤ ਮਨੁਖ ਹੀ ਨਿਰੰਕਾਰ ਦਾ ਸੰਦੇਸ਼ਾ ਦੇਣ ਜਗਤ (ਸੰਸਾਰ) ਤੇ ਭੇਜਿਆ ਜਾਂਦਾ ਹੈ । 'ਕਹੁ ਨਾਨਕ ਗੁਰ ਪ੍ਰਸਾਦੀ ਜਿਨਾ ਲਿਵਲਾਗੀ ਤਿਨਾ ਵਿਚੇ ਮਾਇਆ ਪਾਇਆ।' ਹਉਮੈ ਉਸਦੀ ਹੀ ਜਗਤ ਦੇ ਬੰਧਨਾਂ ਵਿਚ ਰਹਿੰਦੇ ਹੋਏ ਟੁਟਦੀ ਹੈ ਜਿਸ ਉਤੇ ਅਕਾਲਪੁਰਖ ਦੀ ਅਪਾਰ ਕ੍ਰਿਪਾ ਹੁੰਦੀ ਹੈ ਕਿਉਂਕਿ ਗੁਰੂ ਜੀ ਦਾ ਮਹਾਂਵਾਕ ਭੀ ਹੈ ਕਿ 'ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੇ ਨ ਕੋਇ ।। ਜਿਨਿ ਕੀਆ ਜਾ ਤਿਸ ਹੀ ਕਉ ਸਉਪ ਕੇ ਇਹ ਰਹਿਆ ਨਿਰਵਾਣ ।। ਪ੍ਰਮਾਤਮਾ ਦੇ ਹੁਕਮ ਵਿਚ ਦੁਖ ਸੁਖ ਸਮ ਕਰ ਜਾਣਦਾ ਹੋਇਆ ਧਨ, ਦੌਲਤ, ਇਜ਼ਤ, ਮਾਨ, ਆਦਰ ਅਤੇ ਪ੍ਰਵਾਰ ਆਦਿ ਸਭ ਕੁਝ ਪਾਕੇ ਸੰਸਾਰ ਤੇ ਕਾਰ ਵਿਹਾਰ ਕਰਦਾ ਹੋਇਆ ਭੀ ਜੋ ਮਨੁਖ ਜਗਤ ਵਲੋਂ ਨਿਰਲੇਪ ਰਹਿੰਦਾ ਹੋਇਆ ਵਿਚਰਦਾ ਹੈ ਉਹ ਮਨੁਖ ਆਪ ਤਾਂ ਗੁਰਾਂ ਦੇ ਹੁਕਮ ਅਨੁਸਾਰ ਮੁਕਤਿ ਹੀ ਹੁੰਦਾ ਹੈ ਸਗੋਂ ਨਾਲ ਹੀ ਉਹ ਜਗਤ ਦੇ ਕਲਜੁਗੀ ਜੀਵਾਂ ਨੂੰ ਭੀ ਮੁਕਤਿ ਕਰਨ ਵਿਚ ਸਹਾਇਕ ਬਣਦਾ ਹੈ । ਅਜੇਹਾ ਮਨੁਖ ਪ੍ਰਮਾਤਮਾ ਨਾਲ ਰਹਿੰਦਾ ਹੈ ਅਤੇ ਹੋਰਾਂ ਨੂੰ ਭੀ ਮਰਨ ਜਨਮ ਤੋਂ ਛੁਟਕਾਰਾ ਦੇਣ ਦੀ ਸਮਰਥਾ ਰਖਦਾ ਹੈ ।


www.AKJ.org

ਗੁਰੂ ਸਿਖ ਸਿਖ ਗੁਰੂ ਹੈ ਏਕੋ ਗੁਰ ਉਪਦੇਸ਼ ਚਲਾਇ॥

ਭਾਈ ਗੁਰਦਾਸ ਜੀ ਲਿਖਦੇ ਹਨ ਕਿ "ਹਉਮੈ ਅਭਿਮਾਨ ਕੈ ਅਗਯਾਨਤਾ ਅਵਗਯਾ ਗੁਰ ਨਿੰਦਾ ਗੁਰਦਾਸਨ ਕੈ ਨਾਮ ਗੁਰਦਾਸ ਹੈ ॥ ਮੁਹਰਾ ਕਹਾਵੈ ਮੀਠਾ ਗਈ ਸੋ ਕਹਾਵੈ ਆਈ,ਰੂਠੀ ਕੋ ਕਹਿਤ ਤੂਠੀ ਹੋਤ ਉਪਹਾਸ ਹੈ ॥ ਬਾਂਝ ਕਹਾਵੈ ਸੁਪੂਤੀ ਦੁਹਾਗਨਿ ਸੁਹਾਗਨਿ ਕੀਰਤਿ ਸੁਰੀਤਿ ਕਾਟਯੋ ਨਕਟਾ ਕੋ ਨਾਸ ਹੈ॥ ਬਾਵਰੋ ਕਹਾਵੈ ਭੋਰੋ ਆਂਧਰੈ ਕਹੈ ਸੁਜਾਖੋ ਚੰਦਨ ਸਮੀਪ ਜੈਸੇ ਬਾਂਸ ਮੈ ਨ ਬਾਸ ਹੈ ॥੧੯੧॥ ਅਰਥਾਤ ਭਾਈ ਸਾਹਿਬ ਜੀ ਉਦਾਹਰਨਾਂ ਸਹਿਤ ਦਸਦੇ ਹਨ ਕਿ ਜੋ ਮਨੁਖ ਹੰਕਾਰ, ਹੰਗਤਾ, ਬੇਸਮਝ, ਭੁਲਿਆ ਹੋਇਆ ਦੋਸ਼ੀ ਅਤੇ ਗੁਰੂ ਦੇ ਦਾਸਾਂ ਦੀ ਨਿੰਦਿਆ ਕਰਦਾ ਹੋਵੇ। ਇਸ ਤਰ੍ਹਾਂ ਉਹ ਅਨੇਕ ਅਵਗੁਣਾਂ ਖੋਟਾਂ ਦਾ ਭਰਿਆ ਹੋਇਆ ਪੱਕਾ ਮਨਮੁਖ ਮਨੁਖ ਹੋਵੇ, ਪਰ ਜੇ ਉਹ ਅਪਨਾ ਨਾਮ ਗੁਰਦਾਸ ਅਰਥਾਤ ਗੁਰੂ ਦਾ ਦਾਸ (ਗੁਰਮੁਖ) ਰਖਾ ਕੇ ਹੀ ਸਭ ਅਵਗੁਣਾਂ (ਹਉਮੈ) ਤੋਂ ਦੂਰ ਹੋ ਕੇ ਪ੍ਰਮਾਤਮਾਂ ਦੇ ਦਰਸ਼ਨ ਚਾਹੇ ਤਾਂ ਅਜੇਹਾ ਮਨੁਖ ਤਾਂ ਇਸ ਤਰ੍ਹਾਂ ਬੇਸਮਝ ਤੇ ਮੂਰਖਤਾਈ ਦੀਆਂ ਅਸੰਭਵ ਗਲਾਂ ਕਰਦਾ ਹੈ ਜਿਵੇਂ ਜ਼ਹਿਰ ਆਪਣੇ ਆਪ ਨੂੰ ਮਿੱਠਾ ਅਖਵਾਵੇ, ਚਲੀ ਗਈ ਆਈ ਕਹਾਵੈ, ਰੁਸੀ ਹੋਈ ਨੂੰ ਕਿਹਾ ਜਾਵੇ ਕਿ ਇਹ ਤਾਂ ਮੰਨੀ ਹੋਈ ਹੈ। ਇਹ ਗਲਾਂ ਤੇ ਭਾਈ ਸਾਹਿਬ ਜੀ ਦਸਦੇ ਹਨ ਕਿ ਹਾਸਾ ਆਉਂਦਾ ਹੈ ਕਿਉਂਕਿ ਸਭ ਹੀ ਗਲਾਂ ਉਲਟ ਤੇ ਬੇਅਰਥ ਹਨ। ਇਸੇ ਤਰਾਂ ਹੀ ਜਿਸਦੇ ਪੁਤਰ ਨਾ ਹੋਵੇ (ਨਿਪੁਤੀ) ਉਹ ਉਂਞ ਹੀ ਆਪਣੇ ਆਪ ਨੂੰ ਪੁਤ (ਸਪੁਤੀ) ਕਹਾਵੇ। ਪਤੀ ਤੋਂ ਬੇਮੁਖ, ਪਤੀ ਦੀ ਦੁਰਕਾਰੀ ਹੋਈ ਇਸਤਰੀ ਆਪਣੇ ਆਪ ਨੂੰ ਪਤੀ ਵਾਲੀ (ਸੁਹਾਗਣ) ਦਸੇ। ਖੋਟੀਆਂ ਚਾਲਾਂ ਨੂੰ ਚੰਗੀਆਂ ਤੇ ਨੇਕ ਚਾਲਾਂ ਦਰਸਾਇਆ ਜਾਵੇ, ਨੱਕ ਕਟੇ ਵਾਲਾ ਆਪਨੇ ਆਪਨੂੰ ਨੱਕ ਵਾਲਾ ਅਖਵਾਏ, ਅਰਥਾਤ ਜੋ ਮਨੁਖ ਥਾਂ ਥਾਂ ਤੋਂ ਬੇਇਜ਼ਤੀ ਖਟਦਾ ਹੋਵੇ ਉਹ ਆਪਨੇ ਆਪ ਨੂੰ ਇਜ਼ਤਦਾਰ ਸਮਝੇ, ਅਤੇ ਮੂਰਖ ਆਪਨੇ ਆਪ ਨੂੰ ਸਮਝ ਵਾਲਾ ਅਤੇ ਭੋਲਾ ਭਾਲਾ ਸਮਝੇ, ਅੰਨ੍ਹਾ ਆਪਨੇ ਆਪ ਨੂੰ ਸੁਜਾਖਾ ਅਖਵਾਵੇ, ਇਸ ਤਰ੍ਹਾਂ ਹੀ ਉਦਾਹਰਨਾਂ ਸਹਿਤ ਭਾਈ ਸਾਹਿਬ ਜੀ ਦਸਦੇ ਹਨ ਕਿ ਉਲਟੀ ਮਾਲਾ ਫੇਰਨ ਵਾਲੇ ਹੋਰ ਤਾਂ ਦੁਨੀਆਂ ਤੇ ਰਹਿ ਕੇ ਕਿਸੇ ਦਾ ਕੀ ਭਲਾ ਕਰ ਸਕਦੇ ਹਨ ਸਗੋਂ ਆਪਣਾ (ਚੰਗਾ ਨਾਮ ਰਖਾਏ ਨੂੰ ਸਫਲ ਨਹੀਂ ਕਰਦੇ) ਜਨਮ ਮਰਨ ਦਾ ਗੇੜ ਵਧਾ ਕੇ ਨਰਕਾਂ, ਦੁਖਾਂ, ਤਕਲੀਫ਼ਾਂ, ਕਸ਼ਟਾਂ ਅਤੇ ਬੰਧਨਾਂ ਵਿਚ ਪਏ ਭਟਕਦੇ ਰਹਿੰਦੇ ਹਨ। ਅਜੇਹੇ ਮਨੁਖ ਨਾਲ ਜਿਥੇ ਦੋਸਤੀ ਰਖਣ ਵਾਲਾ ਭੀ ਇਸੇ ਤਰ੍ਹਾਂ ਹੀ ਡੁਬ ਸਕਦਾ ਹੈ (ਪਰ) ਜਿਸ ਤਰਾਂ (ਉਪਰ ਦਸੇ ਮੁਤਾਬਕ) ਹਉਮੈ ਦੇ ਤਿਆਗਣ ਵਾਲਾ ਦੂਸਰਿਆਂ ਦਾ ਉਧਾਰ ਕਰ ਸਕਦਾ ਹੈ।

ਅਜੇਹਾ ਉਲਟਾ ਮਨੁਖ ਬਗੈਰ ਬੇਸਮਝੀ ਦੇ ਦੁਖ, ਤਕਲੀਫ, ਕਸ਼ਟ, ਭਟਕਣ ਅਤੇ ਟਕਰਾਂ ਖਾਣ ਦੇ ਹੋਰ ਕੁਝ ਭੀ ਚੰਗਿਆਈ ਹਾਸਲ ਨਹੀਂ ਕਰ ਸਕਦਾ ਹੈ। ਜਿਵੇਂ ਕੰਗਾਲ ਲਖ ਆਪਣੇ ਆਪ ਨੂੰ ਸ਼ਹਿਨਸ਼ਾਹ ਸਮਝੇ ਪਰ ਜਗਤ ਦੀਆਂ ਨਜ਼ਰਾਂ ਵਿਚ ਉਹ ਕੰਗਾਲ ਹੀ ਰਹਿੰਦਾ ਹੈ। ਜਿਵੇਂ ਬਾਂਸ ਚੰਦਨ ਦੇ ਪਾਸ ਰਹਿੰਦਾ ਹੋਇਆ ਭੀ ਸੁਗੰਧ ਨੂੰ ਗ੍ਰਹਿਣ ਨਹੀਂ ਕਰ ਸਕਦਾ ਇਸੇ ਤਰਾਂ ਹੀ ਹਉਮੈ ਦਾ ਗ੍ਰਸਿਆ ਹੋਇਆ ਮਨੁਖ ਝੂਠ,ਬਕਵਾਸ ਬੋਲਕੇ ਆਪਨੇ ਆਪ ਹੀ ਉਚਾ ਨੀਵਾਂ ਬਣ ਸਕਦਾ ਹੈ ਕਿਉਂਕਿ ਅਜੇਹੇ ਮਨੁਖ ਅੰਦਰ ਜੇ ਉਹ ਝੂਠ ਬੋਲਕੇ ਜਗਤ


www.AKJ.org

ਦੀਆਂ ਨਜ਼ਰਾਂ ਵਿਚ ਉਚਾ ਦਰਸਾਵੇਗਾ ਤਾਂ ਉਸ ਅੰਦਰ ਹੰਕਾਰ ਦਾ ਮਾਦਾ ਆਪਣੀ ਹੱਦ ਤੋਂ ਭੀ ਜ਼ਿਆਦਾ ਪੈਦਾ ਹੋਏ। ਉਸ ਮਨੁਖ ਨੂੰ ਕਾਮੀ, ਕ੍ਰੋਧੀ, ਝਗੜਾਲੂ, ਈਰਖਾਵਾਧੀ ਅਤੇ ਹੋਰ ਅਨੇਕਾਂ ਪ੍ਰਕਾਰ ਦੇ ਉਪਦਰ ਆਪਣੇ ਨਾਲ ਚਮੇੜ ਲੈਂਦਾ ਹੈ। ਕਿਉਂਕਿ ਹੰਕਾਰੀ ਪੁਰਸ਼ ਆਪਨੇ ਆਪਨੂੰ ਹੀ ਉਚਾ ਕਹਾਉਣਾ ਚਾਹੁੰਦਾ ਹੈ ਅਤੇ ਬਗੈਰ ਗੁਣ ਹੁੰਦੇ ਹੋਏ ਭੀ ਗੁਣਵਾਨ ਬਣ ਬੈਠਦਾ ਹੈ। ਹੰਕਾਰੀ ਮਨੁਖ ਇਧਰ ਉਧਰ ਭਟਕਦਾ ਫਿਰਦਾ ਤੇ ਦੁਖ, ਤਕਲੀਫਾਂ, ਝਲਦਾ ਹੋਇਆ ਪਛਤਾਉਂਦਾ ਫਿਰਦਾ ਰਹਿੰਦਾ ਹੈ ਜਦੋਂ ਕਿ ਨਿਰਅਭਿਮਾਨੀ (ਹਉਮੈ ਰਹਿਤ) ਮਨੁਖ ਸ਼ਾਤੀ, ਸੁਖ ਮਹਾਂ ਅਨੰਦ (ਪਰਮਸੁਖ) ਦੇ ਟਿਕਾਓ ਵਿਚ ਅਡੋਲ ਅਤੇ ਪ੍ਰਸੰਨ ਚਿੱਤ ਰਹਿੰਦਾ ਹੈ। ਅਤੇ ਉਹ ਮਨੁਖ ਸਭ ਕੰਮ ਕਾਰ ਵਿਹਾਰ ਜੋ ਭੀ ਕਰਦਾ ਹੈ ਉਹ ਪ੍ਰਮਾਤਮਾ ਦੇ ਹੁਕਮ ਅੰਦਰ ਹੀ ਹੋ ਰਿਹਾ ਸਮਝਦਾ ਹੈ।

ਭਾਈ ਗੁਰਦਾਸ ਜੀ ਹੀ ਇਕ ਜਗਾ ਹੋਰ ਗੁਰਸਿਖਾਂ ਦੇ ਕਰਮ ਦਸਦੇ ਹੋਏ ਕਹਿੰਦੇ ਹਨ ਕਿ 'ਹਉਮੈ ਅਭਿਮਾਨ ਅਸਥਾਨ ਤਜਿ ਬੰਝ ਬਨ, ਚਰਨ ਕਮਲ ਗੁਰ ਸੰਪਟ ਸਮਾਇ ਹੈਂ ॥ ਅਤਿ ਹੀ ਅਨੂਪ ਰੂਪ ਹੇਰਤ ਹਿਰਾਨੇ ਦ੍ਰਿਗ ਅਨਹਦ ਗੁੰਜਤ ਸਰਵਨ ਨੂੰ ਸਿਰਾਇ ਹੈਂ ॥ ਰਸਨਾ ਬਿਸਮ ਕੋਮਲਤਾ ਸੀਤਲਤਾ ਪੰਗ ਸਰਬੰਗ ਭਏ, ਮਨ ਮਧੁਕਰ ਪੁਨ ਅਨਤ ਨ ਧਾਇ ਹੈ ॥ ਅਰਥਾਤ ਭਾਈ ਸਾਹਿਬ ਜੀ ਉਸ ਗੁਰਸਿਖ ਬਾਰੇ ਦਸਦੇ ਹੋਏ ਲਿਖਦੇ ਹਨ ਜੋ ਗੁਰੂ ਦਾ ਪਿਆਰਾ ਕਦੀ ਭੀ ਹੰਕਾਰ (ਹਉਮੈ) ਦੇ ਜਾਲ ਵਿਚ ਨਹੀਂ ਫਸਦਾ ਹੈ ਸਗੋਂ ਜੋ ਇਸ ਨੂੰ (ਹਉਮੈ) ਘੋਰ ਜੰਗਲ, ਟੋਏ, ਟਿੱਬੇ, ਅਤੇ ਉਚਾਨਾ ਸਮਝਕੇ ਤਿਆਗ ਦਿੰਦਾ ਹੈ ਅਰਥਾਤ ਜੋ ਹਉਮੈ ਨੂੰ ਜ਼ਹਿਰ ਦੇ ਤੁਲ ਅਤੇ ਮਹਾਂ ਭਿਅੰਕਾਰ ਬਿਮਾਰੀ ਸਮਝਕੇ ਤਿਆਗ ਕਾਰ ਦਿੰਦਾ ਹੈ। ਉਹ ਗੁਰਸਿਖ ਤਾਂ ਹੰਕਾਰ ਦਾ ਤਿਆਗ ਕਰਕੇ ਆਪਣਾ ਟਿਕਾਣਾ ਗੁਰੂ ਚਰਨਾਂ ਨੂੰ ਸਮਝਕੇ ਗੁਰੂ ਚਰਨ ਹੀ ਪਕੜੀ ਰਖ਼ਦਾ ਹੈ। ਉਹ ਹੰਕਾਰ ਦੇ ਅਮੁਕ ਗੇੜ ਵਿਚ ਫਸਕੇ ਮਾਇਆ ਦੇ ਚਕਰ ਵਿਚ ਨਹੀਂ ਪੈਂਦਾ ਹੈ ਉਹ ਤਾਂ ਪ੍ਰਮਾਤਮਾਂ ਦੇ ਉਪਮਾ ਰਹਿਤ ਸੁੰਦਰ ਤੇ ਮਨਮੋਹਨੇ ਸਵਰੂਪ ਦੇ ਦਰਸ਼ਨ ਕਰ ੨ ਕੇ ਹੀ ਖੁਸ਼ ਰਹਿੰਦਾ ਹੈ। ਅਤੇ ਜਗਤ ਤੇ ਹੋ ਰਹੀ ਲੀਲਾ ਨੂੰ ਅਸਚਰਜ ਭਰੀਆਂ ਅਖਾਂ ਨਾਲ ਵੇਖਦਾ ਹੋਇਆ ਹੈਰਾਨ ਹੁੰਦਾ ਰਹਿੰਦਾ ਹੈ। ਉਹ ਗੁਰਮੁਖ ਪਿਆਰਾ ਹਉਮੈ ਵਿਚ ਪੈਕੇ ਇਧਰ ਉਧਰ ਭਟਕਦਾ ਨਹੀਂ ਨਾਲ ਹੀ ਝੂਠ ਬਕਵਾਸ ਸੁਨਣ ਬੋਲਣ ਤੋਂ ਬਾਂਝ ਰਹਿਕੇ ਆਤਮਕ ਉਡਾਰੀਆਂ ਵਿਚ ਵਿਚਰਦਾ ਹੋਇਆ ਆਪਣੇ ਕੰਨਾਂ ਦੁਆਰਾ ਬਗੈਰ ਨਿੰਦਾ, ਚੁਗਲੀ, ਅਤੇ ਦੁਰਬਚਨ ਸੁਨਣ ਦੇ ਅਗੰਮੀ ਬਾਣੀ (ਅਨਹਦ ਸ਼ਬਦ) ਸੁਣਕੇ, ਪ੍ਰਮਾਤਮਾਂ (ਅਕਾਲ ਪੁਰਖ) ਦਾ ਜਸ ਵਡਿਆਈ ਸੁਣਕੇ ਜਗਤ ਤੇ ਆਏ ਸਰੀਰ ਨੂੰ ਸਫਲਾ ਕਰਦਾ ਹੈ ਇਸ ਤਰਾਂ ਦੇ ਗੁਰਮੁਖ ਪਿਆਰੇ ਲਈ ਗੁਰੂ ਜੀ ਦਾ ਮਹਾਂਵਾਕ ਭੀ ਹੈ ਕਿ 'ਗੁਰ ਕਾ ਸਬਦ ਰਿਦ ਅੰਤਰਿ ਧਾਰੈ ॥ ਪੰਚ ਜਨਾ ਸਿਉ ਸੰਗੁ ਨਿਵਾਰੈ ॥ ਦਸ ਇੰਦ੍ਰੀ ਕਰਿ ਰਾਖੈ ਵਾਸਿ ॥ ਤਾ ਕੈ ਆਤਮੈ ਹੋਇ ਪਰਗਾਸੁ॥੧॥ ਐਸੀ ਦ੍ਰਿੜਤਾ ਤਾ ਕੈ ਹੋਇ ॥ ਜਾ ਕਉ ਦਇਆ ਮਇਆ ਪ੍ਰਭ ਸੋਇ ੧॥ਰਹਾਉ ॥ ਸਾਜਨੁ ਦੁਸਟੁ ਜਾ ਕੈ ਏਕ ਸਮਾਨੈ ॥ ਜੇਤਾ ਬੋਲਣੁ ਤੇਤਾ ਗਿਆਨੈ ਜੇਤਾ ਸੁਨਣਾ ਤੇਤਾ ਨਾਮੁ ॥ ਜੇਤਾ ਪੇਖਨੁ ਤੇਤਾ ਧਿਆਨੁ ॥ (ਚਲਦਾ) (ਗਉੜੀ ਮ: ੫)


www.AKJ.Org

ਬਚਿਆਂ ਲਈ–

# ਅਣਖੀ ਯੋਧਾ

o–o–o–o–o–o–o–o–o–o–o–o–o

(ਭਾਈ ਗੁਰਚਰਨ ਸਿੰਘ ਜੀ ਐਮ.ਏ.)

ਮੇਰੇ ਪਿਆਰੇ ਬਚਿਓ ! ਤੁਸਾਂ ਨੇ ਕਈ ਯੋਧਿਆਂ ਤੇ ਸੂਰਬੀਰਾਂ ਦੇ ਨਾਮ ਪੜ੍ਹੇ ਸੁਣੇ ਹੋਣਗੇ । ਪੰਜਾਬ ਦੇ ਮਹਾਨ ਜਰਨੈਲਾਂ ਤੇ ਅਣਖੀ ਯੋਧਿਆਂ ਵਿਚੋਂ ਸਰਦਾਰ ਹਰੀ ਸਿੰਘ ਦਾ ਨਾਮ ਤੁਸਾਂ ਆਮ ਕਰ ਕੇ ਸੁਣਿਆ ਹੋਵੇਗਾ । ਆਪ ਮਹਾਰਾਜਾ ਰਣਜੀਤ ਸਿੰਘ ਜੀ ਦੀਆਂ ਫੌਜਾਂ ਦੇ ਕਮਾਂਡਰ-ਇਨ-ਚੀਫ ਸਨ ਅਤੇ ਪਿਸ਼ਾਵਰ ਦੇ ਗਵਰਨਰ ਵੀ ਰਹੇ ਸਨ । ਅਜ ਤੁਹਾਨੂੰ ਇਸ ਮਹਾਨ ਤੇ ਅਣਖੀ ਯੋਧੇ ਦੇ ਜੀਵਨ ਵਿਚੋਂ ਇਕ ਘਟਨਾ ਸੁਣਾਉਂਦਾ ਹਾਂ ।

ਪਿਸ਼ਾਵਰ ਦੇ ਗਵਰਨਰ ਬਣਨ ਪਿਛੋਂ ਸ੍ਰਦਾਰ ਹਰੀ ਸਿੰਘ ਨੇ ਜਮਰੋਦ ਦਾ ਕਿਲਾ ਬਣਵਾਇਆ, ਜੋ ਪਛਮ ਤੋਂ ਆਉਣ ਵਾਲੇ ਦੁਸ਼ਮਣਾਂ ਨੂੰ ਰੋਕ ਸਕਦਾ ਸੀ ।

ਇਕ ਵਾਰੀ ਦੀ ਗਲ ਹੈ ਕਿ ਹਰੀ ਸਿੰਘ ਜੀ ਸ਼ਾਮ ਦੀ ਸੈਰ ਕਰਨ ਲਈ ਘੋੜੇ ਤੇ ਸਵਾਰ ਹੋ ਕੇ ਕਿਲੇ ਜਮਰੌਦ ਤੋਂ ਪੂਰਬ ਵਲ ਨੂੰ ਨਿਕਲੇ । ਅਜੇ ਡੇਢ ਕੁ ਮੀਲ ਹੀ ਦੂਰ ਗਏ ਸਨ ਕਿ ਆਪ ਜੀ ਇਕ ਤਿਰਕੋਨੀ ਪਹਾੜੀ ਕੋਲ ਖੜੇ ਹੋ ਗਏ । ਘੋੜੇ ਤੇ ਸਵਾਰ ਹੀ ਬੜੇ ਗਹੁ ਨਾਲ ਤਿਰਕੋਨੀ ਪਹਾੜੀ ਵਲ ਦੇਖਦੇ ਰਹੇ । ਪਹਾੜੀ ਦੇ ਹੇਠਾਂ ਇਕ ਗੁਫਾ ਸੀ । ਅਚਾਨਕ ਹੀ ਗੁਫਾ ਵਿਚੋਂ ਇਕ ਪਠਾਣ ਬਾਹਰ ਆਇਆ ਤੇ ਉਚੀ ਆਵਾਜ਼ ਵਿਚ ਪੁਛਣ ਲਗਾ– "ਸਰਦਾਰ ਹਰੀ ਸਿੰਘ ਜੀ–ਕੀ ਵੇਖ ਰਹੇ ਹੋ ।" ਪਠਾਣ ਨੇ ਹੱਥ ਵਿਚ ਮਾਲਾ ਫੜੀ ਹੋਈ ਸੀ ਤੇ ਮੌਲਵੀਆਂ ਵਾਲਾ ਲੰਬਾ ਚੋਗਾ ਪਾਇਆ ਹੋਇਆ ਸੀ।

ਇਕ ਓਪਰੇ ਪਠਾਣ ਤੋਂ ਆਪਣਾ ਨਾਮ ਸੁਣਕੇ ਸਰਦਾਰ ਜੀ ਕੁਝ ਹੈਰਾਨ ਤਾਂ ਹੋਏ–ਪਰ ਬੜੀ ਦ੍ਰਿੜਤਾ ਨਾਲ ਉਤਰ ਦਿਤਾ, 'ਮੌਲਵੀ ਜੀ, ਮੈਂ ਸੋਚ ਰਿਹਾ ਹਾਂ ਕਿ ਕੀ ਇਸ ਤਿਰਕੋਨੀ ਪਹਾੜੀ ਉਤੇ ਕੋਈ ਹੋਰ ਕਿਲਾ ਬਣ ਸਕਦਾ ਹੈ ਜੋ ਦੁਸ਼ਮਣ ਨੂੰ ਰੋਕ ਸਕੇ ।' ਕੁਝ ਚਿਰ ਚੁਪ ਰਹਿ ਕੇ ਸਰਦਾਰ ਜੀ ਨੇ ਪੁਛਿਆ–'ਮੌਲਵੀ ਜੀ, ਤੁਹਾਡਾ ਕੀ ਖ਼ਿਆਲ ਹੈ, ਕੀ ਇਸ ਪਹਾੜੀ ਤੇ ਕਿਲਾ ਠੀਕ ਰਹੇਗਾ ?' ਮੌਲਵੀ ਨੇ ਹਸ ਕੇ ਕਿਹਾ, 'ਵਾਹ ਸਰਦਾਰ ਜੀ, ਸਾਡੀ ਮੌਤ ਦਾ ਇਲਾਜ ਸਾਡੇ ਕੋਲੋਂ ਪੁਛਦੇ ਹੋ ।' ਸਰਦਾਰ ਜੀ ਨੇ ਕਿਹਾ ਕਿ ਉਹ ਕਿਵੇਂ ? ਤਾਂ ਪਠਾਣ ਨੇ ਕਿਹਾ, 'ਕਿ ਆਪ ਹੀ ਹਰੀ ਸਿੰਘ ਨਲੂਆ ਹੋ ਜਿਨ੍ਹਾਂ ਨੇ ਪਠਾਣਾਂ ਨੂੰ ਹਰਾ ਕੇ ਪਿਸ਼ਾਵਰ ਤੇ ਕਬਜ਼ਾ ਕੀਤਾ ਹੈ ਇਹ ਜਮਰੌਦ ਦਾ ਕਿਲਾ ਬਣਾਇਆ ਹੈ । ਮੈਂ ਕਈ ਜੰਗਾਂ ਵਿਚ ਆਪ ਨਾਲ ਲੜ ਚੁਕਾ ਹਾਂ । ਤੁਸੀਂ ਹੀ


www.AKJ.Org

ਸਾਨੂੰ ਗੁਲਾਮ ਬਣਾਉਣ ਵਾਲੇ ਹੋ। ਭਾਵੇਂ ਮੈਂ ਇਸ ਗੁਫਾ ਵਿਚ ਮਾਲਾ ਫੜਕੇ ਅੱਲਾ ਦੀ ਭਗਤੀ ਕਰਦਾ ਹਾਂ, ਪਰ ਸਾਡੇ ਗੁਲਾਮੀ ਦੇ ਜੀਵਨ ਨੂੰ ਲਾਹਨਤ ਹੈ। ਇਕ ਹੋਰ ਕਿਲਾ ਬਨਾਉਣ ਦੀ ਸਲਾਹ ਮੈਥੋਂ ਹੀ ਲੈ ਰਹੇ ਹੋ, ਜੋ ਸਾਡੀ ਗ਼ੁਲਾਮੀ ਨੂੰ ਹੋਰ ਪਕਿਆਂ ਕਰੇਗਾ। ਅਸੀਂ ਜਦ ਤਕ ਆਜ਼ਾਦ ਨਹੀਂ ਹੋ ਜਾਂਦੇ, ਤਦ ਤਕ ਜੀਉਣਾ ਬੇਅਰਥ ਸਮਝਦੇ ਹਾਂ।'

ਪਠਾਣ ਦੀਆਂ ਸਾਰੀਆਂ ਗਲਾਂ ਸੁਣ ਕੇ ਹਰੀ ਸਿੰਘ ਨੇ ਮੌਲਵੀ ਪਠਾਣ ਦੇ ਦੇਸ਼ ਭਗਤੀ ਦੇ ਜਜ਼ਬੇ ਦੀ ਤਾਰੀਫ਼ ਕੀਤੀ ਤੇ ਏਨਾਂ ਹੀ ਕਿਹਾ ਕਿ ਤੁਹਾਡੇ ਕਰਮਾਂ ਨੇ ਹੀ ਤੁਹਾਨੂੰ ਗੁਲਾਮ ਬਣਾਇਆ ਹੈ। ਕੁਝ ਚਿਰ ਚੁਪ ਰਹਿਣ ਪਿਛੋਂ ਪਠਾਣ ਨੇ ਕਿਹਾ– 'ਨਲੂਆ ਸਾਹਿਬ, ਜੇ ਆਪ ਨੂੰ ਇਸ ਵੇਲੇ ਗ੍ਰਿਫਤਾਰ ਕਰ ਲਿਆ ਜਾਵੇ ਤਾਂ।' ਹਰੀ ਸਿੰਘ ਜੀ ਨੇ ਬੜੀ ਬੀਰਤਾ ਨਾਲ ਉਤਰ ਦਿਤਾ 'ਇਸ ਵੇਲੇ ਮੇਰੇ ਦੋ ਸਹਾਇਕ ਹਨ। ਇਕ ਅਕਾਲ ਪੁਰਖ ਵਾਹਿਗੁਰੂ– ਇਕ ਮੇਰੀ ਸ਼ਮਸ਼ੀਰ (ਤਲਵਾਰ) ਜਦ ਤਕ ਮੇਰੇ ਹੱਥ ਵਿਚ ਇਕ ਤਲਵਾਰ ਹੈ ਤਦ ਤਕ ਦੁਨੀਆਂ ਦੀ ਕੋਈ ਸ਼ਕਤੀ ਮੈਨੂੰ ਗ੍ਰਿਫਤਾਰ ਨਹੀਂ ਕਰ ਸਕਦੀ। ਇਹ ਕਹਿ ਕੇ ਸਰਦਾਰ ਜੀ ਨੇ ਆਪਣੀ ਤਲਵਾਰ ਮਿਆਨ ਵਿਚੋਂ ਕੱਢੀ ਤੇ ਹਵਾ ਵਿਚ ਘੁਮਾਈ। ਪਠਾਣ ਨੇ ਤਿੰਨ ਤਾੜੀਆਂ ਮਾਰੀਆਂ। ਦੋ ਮਿੰਟਾਂ ਵਿਚ ਹੀ ਵੀਹ ਪਠਾਣ ਨੰਗੀਆਂ ਤਲਵਾਰਾਂ ਲੈ ਕੇ ਪਠਾਣ ਦੇ ਕੋਲ ਆ ਖੜੇ ਹੋਏ ਤੇ ਪਠਾਣ ਦੇ ਹੁਕਮ ਦੀ ਉਡੀਕ ਕਰਨ ਲਗੇ।

ਹਰੀ ਸਿੰਘ ਜੀ ਹਸ ਪਏ ਤੇ ਕਹਿਣ ਲਗੇ– 'ਕਿ ਮੌਲਵੀ ਸਾਹਿਬ, ਵੀਹ ਪਠਾਣ ਥੋੜੇ ਹਨ। ਇਕ ਸਿੰਘ ਸੂਰਮੇ ਦੇ ਸੁਆਗਤ ਲਈ ਸਵਾ ਲੱਖ ਪਠਾਣ ਚਾਹੀਦੇ ਹਨ, ਹੋਰ ਮੰਗਾਉ। ਮੌਲਵੀ ਪਠਾਣ ਨੇ ਚਿੜਕੇ ਕਿਹਾ ਕਿ ਉਹ ਸਵਾ ਲੱਖ ਆਦਮੀ ਨਹੀਂ–ਜ਼ਨਾਨੀਆਂ ਹੋਣਗੀਆਂ। ਹਰੀ ਸਿੰਘ ਜੀ ਨੇ ਬੜੀ ਬੀਰਤਾ ਤੇ ਨਿਰਭੈਤਾ ਨਾਲ ਗਰਜ ਕੇ ਕਿਹਾ ਕਿ ਨਹੀਂ ਸਿੰਘ ਸੂਰਮੇ ਦੇ ਸੁਆਗਤ ਲਈ–ਟਾਕਰੇ ਸਵਾ ਲੱਖ ਹੀ ਜਚਦੇ ਹਨ ਕਿਉਂਕਿ ਸ੍ਰੀ ਦਸਮੇਸ਼ ਪਿਤਾ ਜੀ ਨੇ ਆਪਣੇ ਸਿੰਘ ਨੂੰ ਸਵਾ ਲੱਖ ਨਾਲ ਲੜਨ ਦੀ ਸ਼ਕਤੀ ਬਖ਼ਸ਼ੀ ਹੈ, ਮੈਂ ਉਸ ਦਸਮੇਸ਼ ਜੀ ਦਾ ਸਿੰਘ ਹਾਂ। ਇਹ ਕਹਿ ਕੇ ਉਹਨਾਂ ਤਲਵਾਰ ਹਵਾ ਵਿਚ ਘੁਮਾਈ ਤੇ ਕਿਹਾ ਕਿ ਅਗੇ ਆਉ ਜਿਸ ਨੂੰ ਮੌਤ ਪਿਆਰੀ ਹੈ।

ਉਹ ਸਾਰੇ ਪਠਾਣ ਹਰੀ ਸਿੰਘ ਤੇ ਝਪਟ ਕੇ ਉਸ ਨੂੰ ਮਾਰ ਮੁਕਾਉਣਾ ਚਾਹਦੇ ਸਨ, ਪਰ ਮੌਲਵੀ ਪਠਾਣ ਨੇ ਸਾਰਿਆਂ ਨੂੰ ਪਿਛੇ ਮੋੜਦਿਆਂ ਕਿਹਾ, 'ਨਹੀਂ–ਅਸੀਂ ਵੀ ਬਹਾਦਰ ਤੇ ਅਣਖੀ ਹਾਂ। ਯੁਧ ਦੇ ਮੈਦਾਨ ਵਿਚ ਹੀ ਟਾਕਰਾ ਕਰਾਂਗੇ। ਇਕੱਲੇ ਨਲੂਆ ਤੇ ਹਮਲਾ ਕਰਨਾ ਸਾਡੀ ਅਣਖ ਦੇ ਉਲਟ ਹੈ। ਮੈਂ ਤਾਂ ਕੇਵਲ ਨਲੂਏ ਸਰਦਾਰ ਦੇ ਦਿਲ ਨੂੰ ਪਰਖਣ ਲਈ ਇਹ ਡਰਾਮਾ ਕੀਤਾ ਹੈ।' ਇਹ ਕਹਿ ਕੇ ਉਹਨਾਂ ਸਾਰੇ ਪਠਾਣ ਪਿਛੇ ਮੋੜ ਦਿਤੇ ਤੇ ਨਲੂਆ ਸਰਦਾਰ ਨੂੰ ਬੜੇ ਸਤਿਕਾਰ ਨਾਲ ਕਿਲੇ ਜਮਰੌਦ ਤਕ ਛਡ ਕੇ ਆਏ।

ਹਰੀ ਸਿੰਘ ਜੀ ਨੇ ਮੌਲਵੀ ਪਠਾਣ ਦੇ ਜਜ਼ਬੇ ਦੀ ਉਪਮਾਂ ਕੀਤੀ ਤੇ ਕਿਲੇ ਤੋਂ ਵਾਪਸ ਭੇਜਿਆ। ਇਸ ਤੋਂ ਪਿਛੋਂ ਸਾਰੇ ਪਠਾਣਾਂ ਦੇ ਦਿਲਾਂ ਤੇ ਨਲੂਏ ਸਰਦਾਰ ਦੀ ਬੀਰਤਾ ਦਾ ਸਿੱਕਾ ਹੋਰ ਵੀ ਪੱਕਾ ਬੈਠ ਗਿਆ।

ਉਪਰਲੀ ਘਟਨਾ ਤੋਂ ਸਿਖਿਆ ਮਿਲਦੀ ਹੈ ਕਿ ਸਾਰੇ ਬਚਿਆਂ ਨੂੰ ਬੀਰ ਬਹਾਦਰ ਤੇ ਅਣਖੀਲੇ ਬਣਨਾ ਚਾਹੀਦਾ ਹੈ ਤੇ ਹਰ ਦੁਖ ਸੁਖ ਵਿਚ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ੀ ਹੋਈ ਰਹਿਤ ਬਹਿਤ ਤੇ ਭਰੋਸਾ ਰਖਣਾ ਚਾਹੀਦਾ ਹੈ। ਇਹੋ ਜਿਹੇ ਅਣਖੀਲੇ ਤੇ ਬਹਾਦਰ ਬਣਨਾ ਚਾਹੀਦਾ ਹੈ ਕਿ ਦੁਸ਼ਮਣ ਵੀ ਉਪਮਾ ਕਰਨ।


www.AKJ.Org

# ਮਾਸਕ ਰੈਣ ਸਬਾਈ ਅਖੰਡ ਕੀਰਤਨ ਸਮਾਗਮ

ਸਰਬਤ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਮਾਸਕ ਰੈਣ ਸਬਾਈ ਕੀਰਤਨ ਗੁਰੂ ਕ੍ਰਿਪਾ ਦਵਾਰਾ ਅਪ੍ਰੈਲ 1969 ਤੋਂ ਸ਼ੁਰੂ ਕੀਤਾ ਗਿਆ ਸੀ।

ਮਹੀਨਾ ਜੁਲਾਈ 1969 ਦਾ ਮਾਸਕ ਸਮਾਗਮ ਡਾ: ਕੰਵਰ ਸਿੰਘ ਜੀ ਘਨਗਸ ਜੀ ਦੇ ਗ੍ਰਹਿ ਵਿਖੇ 26-7-69, 27-7-69 ਦੀ ਵਿਚਕਾਰਲੀ ਰਾਤ ਨੂੰ ਬੜੀ ਸਜ ਧਜ ਨਾਲ ਮਨਾਇਆ ਜਾ ਚੁਕਾ ਹੈ। ਇਸ ਸਮਾਗਮ ਵਿਚ ਭਾਈ ਮਹਿੰਦਰ ਸਿੰਘ ਜੀ ਪਟਿਆਲਾ ਭੀ ਜੱਥੇ ਸਮੇਤ ਪੁਜੇ ਹੋਇ ਸਨ। ਸੰਗਤਾਂ ਨੂੰ ਰੱਬੀ ਬਾਣੀ ਦਾ ਕੀਰਤਨ ਸੁਣਾਕੇ ਨਿਹਾਲ ਕੀਤਾ। ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਭਾਈ ਮਹਿੰਦਰ ਸਿੰਘ ਜੀ ਹੋਰਾਂ ਨੇ ਜਥੇ ਸਮੇਤ ਅਗੋਂ ਲਈ ਇਸ ਮਾਸਕ ਸਮਾਗਮ ਵਿਚ ਹਾਜ਼ਰੀਆਂ ਭਰਨ ਲਈ ਚਾਉ ਪ੍ਰਗਟ ਕੀਤਾ। ਭਾਵੇਂ ਹਰ ਮਾਸਕ ਸਮਾਗਮ ਵਿਚ ਹਾਜ਼ਰੀ ਭਰਨ ਦਾ ਪੱਕਾ ਬਚਨ ਨਹੀਂ ਦਿਤਾ, ਫਿਰ ਭੀ ਸਾਲ ਦੇ ਬਾਰਾਂ ਸਮਾਗਮਾਂ ਵਿਚੋਂ ਵਧ ਤੋਂ ਵਧ ਸਮਾਗਮਾਂ ਵਿਚ ਪੁਜਣ ਲਈ ਕੋਸ਼ਿਸ਼ ਕਰਿਆ ਕਰਨਗੇ ਅਤੇ ਆਤਮਾ ਕਰਕੇ ਹਮਦਰਦੀ ਸਾਡੇ ਨਾਲ ਹੋਵੇਗੀ। ਸੋ ਸਰਬਤ ਕੀਰਤਨੀ ਵੀਰਾਂ ਅਤੇ ਭੈਣਾਂ ਨੂੰ ਦੋਇ ਕਰ ਜੋੜ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਮਾਸਕ ਸਮਾਗਮਾਂ ਵਿਚ ਦਰਸ਼ਨ ਦੇਕੇ ਕ੍ਰਿਤਾਰਥ ਕਰਦੇ ਰਹੋ, ਜੇਕਰ ਹਾਜ਼ਰ ਹੋਣ ਤੋਂ ਅਸਮਰਥ ਹੋ ਤਾਂ ਗੁਰੂ ਸੱਚੇ ਪਾਤਸ਼ਾਹ ਅਗੇ ਅਰਦਾਸ ਜ਼ਰੂਰ ਕਰੋ ਕਿ ਇਹ ਮਾਸਕ ਸਮਾਗਮ ਦਾਤਾ ਚੜ੍ਹਦੀਕਲਾਂ ਵਿਖੇ ਇਸੇ ਤਰਾਂ ਕਰਵਾਉਂਦਾ ਰਹੇ, ਅਤੇ ਗੁਰਸਿਖ ਸੰਗਤਾਂ ਅੰਮ੍ਰਿਤ ਕੀਰਤਨ ਦੇ ਛਾਂਦੇ ਭੁੰਚਦੀਆਂ ਰਹਿਣ।

ਸੋ ਬੇਨਤੀ ਹੈ ਕਿ ਅਗਲਾ ਮਾਸਕ ਸਮਾਗਮ 30 ਤੇ 31 ਅਗਸਤ ਦੀ ਵਿਚਕਾਰਲੀ ਰਾਤ ਨੂੰ ਭਾਈ ਕਰਤਾਰ ਸਿੰਘ ਜੀ ਖੰਨਾ ਮੰਡੀ ਜੀ ਦੇ ਗ੍ਰਹਿ ਵਿਖੇ ਹੋਣਾ ਨੀਯਤ ਹੋਇਆ ਹੈ। ਸੋ ਹੁਮ ਹੁਮਾਕੇ ਦਰਸ਼ਨ ਦਿਉ ਅਤੇ ਜੀਵਨ ਸਫਲ ਬਣਾਉ।

ਆਉਣ ਵਾਲੀਆਂ ਸੰਗਤਾਂ ਨੂੰ ਬਿਨੇ ਹੈ ਕਿ ਭਾਈ ਕਰਤਾਰ ਸਿੰਘ ਜੀ ਦਾ ਗ੍ਰਹਿ ਜੀ. ਟੀ. ਰੋਡ ਲੇਡੀ ਹਸਪਤਾਲ ਦੇ ਪਿਛਲੇ ਪਾਸੇ ਬਿਲਕੁਲ ਨਾਲ ਲਗਦਾ ਹੈ। ਪਰ ਉਡੀਕਣ ਵਾਲੇ ਸਿੰਘ ਲੇਡੀ ਹਸਪਤਾਲ ਦੇ ਗੇਟ ਸਾਮਣੇ ਸੰਗਤਾਂ ਨੂੰ ਉਡੀਕਣਗੇ ਅਤੇ ਗ੍ਰਹਿ ਵਿਖੇ ਆਪ ਲਿਜਾਣ ਦੀ ਸੇਵਾ ਕਰਨ ਦਾ ਲਾਹਾ ਲੈਣਗੇ।

ਗੁਰੂ ਸੰਗਤਾਂ ਦਾ ਦਾਸ
ਕਰਤਾਰ ਸਿੰਘ
ਖੰਨਾ ਮੰਡੀ

ਪੁਛ ਗਿੱਛ ਲਈ:–
ਮਾ: ਉਜਾਗਰ ਸਿੰਘ, ਪਿੰਡ ਫਰਵਾਲੀ,
ਡਾਕਘਰ ਲੋਹਟਵੱਦੀ, ਬਰਾਸਤਾ ਰਾਇਕੋਟ,
ਜ਼ਿਲਾ ਸੰਗਰੂਰ


www.AKJ.Org

## ਮੇਰੇ ਭਾਈ ਜਨੋ ! ਜੇ ਤੁਸੀਂ–

ਗੁਰਮੁਖ ਹੋਕੇ ਵੀ, ਆਮ ਲੋਕਾਂ ਦੀ ਤਰ੍ਹਾਂ

* ਦੁਕਾਨਾਂ, ਹੋਟਲਾਂ ਤੇ ਛਾਬੜੀਆਂ ਤੇ ਖਾਂਦੇ ਪੀਂਦੇ ਹੋ, ਬਜ਼ਾਰਾਂ ਗਲੀਆਂ ਵਿਚ ਖੜੇ ਹੋਕੇ ਜਾਂ ਤੁਰਦੇ ਫਿਰਦੇ ਖਾਂਦੇ ਹੋ,
* ਪਰਾਈਆਂ ਨਾਰਾਂ ਵੱਲ ਅੱਖਾਂ ਪਾੜ ਪਾੜ ਤਕਦੇ ਹੋ, ਨਿੰਦਾ ਚੁਗਲੀ ਕਰਕੇ ਦਿਨ ਲੰਘਾ ਦੇਂਦੇ ਹੋ, ਰਿਸ਼ਵਤਖ਼ੋਰੀ ਤੇ ਹੇਰਾ ਫੇਰੀ ਨਾਲ ਮਾਇਆ ਇਕੱਤਰ ਕਰਦੇ ਹੋ, ਅਨੇਕਾਂ ਵਾਰੀ ਝੂਠ ਬੋਲਕੇ ਫ਼ਜ਼ੂਲ ਵਡਿਆਈ ਤੇ ਖੁਸ਼ਾਮਦ ਵਿਚ ਪਏ ਰਹਿੰਦੇ ਹੋ,

ਤਾਂ ਜ਼ਰਾ ਵਿਚਾਰੋ, ਕਿ–

ਤੁਹਾਡੇ ਤੇ ਸੰਸਾਰੀ ਲੋਕਾਂ ਵਿਚ ਕੀ ਫ਼ਰਕ ਹੋਇਆ ?

ਗੁਰਮੁਖ ਤੇ ਮਨਮੁਖ ਵਿਚ ਕੀ ਅੰਤਰ ਹੋਇਆ ?

www.AKJ.Org